ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 20*Issue 159 | Thursday, August 12, 2021 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

## ਕੈਨੇਡਾ ਸਰਕਾਰ ਵੱਲੋਂ ਇਸ ਸਾਲ ਖੋਲ੍ਹਿਆ ਜਾਵੇਗਾ ਕਾਲਜ ਆਫ ਇਮੀਗ੍ਰੇਸ਼ਨ ਐਂਡ ਸਿਟੀਜ਼ਨਸ਼ਿਪ ਕੰਸਲਟੈਂਟਸ

ਓਟਵਾ,11 ਅਗਸਤ (ਪੋਸਟ ਬਿਊਰੋ) : ਦੁਨੀਆ ਭਰ ਦੇ ਲੋਕਾਂ ਲਈ ਕੈਨੇਡਾ ਪਸੰਦੀਦਾ ਥਾਂ ਹੈ। ਦੁਨੀਆਂ ਦੇ ਕੋਨੇ ਕੋਨੇ ਵਿੱਚੋਂ ਹਰ ਸਾਲ ਕਈ ਮਿਲੀਅਨ ਲੋਕ ਕੈਨੇਡਾ ਘੁੰਮਣ-ਫਿਰਨ, ਕੰਮ ਕਰਨ ਜਾਂ ਇੱਥੇ ਹੀ ਵੱਸਣ ਲਈ ਆਉਂਦੇ ਹਨ। ਇਮੀਗ੍ਰੇਸ਼ਨ ਸਿਸਟਮ ਦਾ ਪਤਾ ਲਾਉਣ ਲਈ ਲੋਕ ਜਾਂ ਤਾਂ ਕੰਸਲਟੈਂਟਸ ਕੋਲ ਜਾਂਦੇ ਹਨ ਤੇ ਜਾਂ ਫਿਰ ਮਦਦ ਲਈ ਹੋਰਨਾਂ ਸੇਵਾਵਾਂ ਦਾ ਰੁਖ ਕਰਦੇ ਹਨ। ਹਾਲਾਂਕਿ ਬਹੁਤੇ ਲੋਕ ਇਮਾਨਦਾਰੀ ਨਾਲ ਆਪਰੇਟ ਕਰਦੇ ਹਨ ਪਰ ਕਈ ਏਜੰਟ ਸਿਸਟਮ ਨੂੰ ਖਰਾਬ ਵੀ ਕਰਦੇ ਹਨ ਤੇ ਲੋਕਾਂ ਦਾ ਫਾਇਦਾ ਵੀ ਚੁੱਕਦੇ ਹਨ। ਇਸੇ ਲਈ ਕੈਨੇਡਾ ਸਰਕਾਰ ਵੱਲੋਂ ਇਮੀਗ੍ਰੇਸ਼ਨ ਫਰਾਡ ਨੂੰ ਖਤਮ ਕਰਨ ਤੇ ਇੱਥੇ ਆਉਣ ਦੇ ਚਾਹਵਾਨ ਲੋਕਾਂ ਦੀ ਮਦਦ ਕਰਨ ਲਈ ਇੱਕ ਨਵਾਂ ਉਪਰਾਲਾ ਕੀਤਾ ਜਾ ਰਿਹਾ ਹੈ।



ਅੱਜ ਇਮੀਗ੍ਰੇਸ਼ਨ, ਰਫਿਊਜੀਜ਼ ਤੇ ਸਿਟੀਜ਼ਨਸ਼ਿਪ ਮੰਤਰੀ ਮਾਰਕੋ ਮੈਂਡੀਸਿਨੋ ਵੱਲੋਂ ਐਲਾਨ ਕੀਤਾ ਗਿਆ ਕਿ ਕਾਲਜ ਆਫ ਇਮੀਗ੍ਰੇਸ਼ਨ ਐਂਡ ਸਿਟੀਜ਼ਨਸ਼ਿਪ ਕੰਸਲਟੈਂਟਸ 23 ਨਵੰਬਰ, 2021 ਨੂੰ ਖੋਲ੍ਹਿਆ ਜਾ ਰਿਹਾ ਹੈ।ਦੇਸ਼ ਭਰ ਵਿੱਚ ਇਮੀਗ੍ਰੇਸ਼ਨ ਤੇ ਸਿਟੀਜ਼ਨਸ਼ਿਪ ਕੰਸਲਟੈਂਟਸ ਨੂੰ ਸਰਕਾਰੀ ਤੌਰ ਉੱਤੇ ਰੈਗੂਲੇਟ ਕਰਨ ਲਈ ਇਹ ਕਾਲਜ ਅਹਿਮ ਭੂਮਿਕਾ ਨਿਭਾਵੇਗਾ।ਇਸ ਨਾਲ ਜਿੱਥੇ ਸੇਵਾਵਾਂ ਵਿੱਚ ਸੁਧਾਰ ਹੋਵੇਗਾ ਉੱਥੇ ਹੀ ਮੁਜਰਮਾਨਾਂ ਗਤੀਵਿਧੀਆਂ ਨੂੰ ਠੱਲ੍ਹ ਪਾਈ ਜਾ ਸਕੇਗੀ।ਇਹ ਇੰਸਟੀਚਿਊਟ ਜਨਤਾ ਦੇ ਨਾਲ ਨਾਲ ਕੰਸਲਟੈਂਟਸ ਦੀ ਅਜਿਹੇ ਲੋਕਾ ਤੋਂ ਹਿਫਾਜ਼ਤ ਵੀ ਕਰੇਗਾ ਜਿਹੜੇ ਦੂਜਿਆਂ ਦਾ ਫਾਇਦਾ ਉਠਾਉਣਾ ਚਾਹੁੰਦੇ ਹਨ।

ਇਸ ਕਾਲਜ ਕੋਲ ਕਿਸੇ ਵੀ ਤਰ੍ਹਾਂ ਦੀ ਪ੍ਰੋਫੈਸ਼ਨਲ ਗੜਬੜੀ ਦੀ ਜਾਂਚ ਕਰਨ ਤੇ ਲਾਇਸੰਸ ਸਬੰਧੀ ਫੈਸਲਾ ਲੈਣ ਲਈ ਨਵੀਆਂ ਸ਼ਕਤੀਆਂ ਤੇ ਟੂਲਜ਼ ਹੋਣਗੇ। ਇਸ ਰਾਹੀਂ ਸਾਰਾ ਕੰਮ ਸਰਕਾਰੀ ਦੇਖਰੇਖ ਵਿੱਚ ਹੋਵੇਗਾ। ਫੈਡਰਲ ਸਰਕਾਰ ਵੱਲੋਂ ਇਹ ਉਪਰਾਲਾ ਸਾਡੇ ਇਮੀਗ੍ਰੇਸ਼ਨ ਸਿਸਟਮ ਵਿੱਚ ਹੋਣ ਵਾਲੇ ਫਰਾਡ ਨੂੰ ਰੋਕਣ ਲਈ ਕੀਤਾ ਜਾ ਰਿਹਾ ਹੈ।

## ਕੈਨੇਡੀਅਨ ਨਾਗਰਿਕ ਸਪੇਵਰ ਨੂੰ ਜਾਸੂਸੀ ਦੇ ਦੋਸ਼ਾਂ ਵਿੱਚ ਚੀਨ ਨੇ ਸੁਣਾਈ 11 ਸਾਲਾਂ ਦੀ ਸਜ਼ਾ

ਡੈਨਡਗ, ਚੀਨ, 11 ਅਗਸਤ (ਪੋਸਟ ਬਿਊਰੋ) : ਕੈਨੇਡਾ ਸਰਕਾਰ ਉੱਤੇ ਦਬਾਅ ਪਾਉਣ ਲਈ ਬੀਜਿੰਗ ਨੇ ਬੁੱਧਵਾਰ ਨੂੰ ਚੀਨ ਵਿੱਚ ਨਜ਼ਰਬੰਦ ਕੈਨੇਡੀਅਨ ਕਾਰੋਬਾਰੀ ਮਾਈਕਲ ਸਪੇਵਰ ਨੂੰ ਜਾਸੂਸੀ ਦੇ ਦੋਸ਼ਾਂ ਵਿੱਚ 11 ਸਾਲ ਕੈਦ ਦੀ ਸਜ਼ਾ ਸੁਣਾਈ। ਇਹ ਸਭ ਵੈਨਕੂਵਰ ਵਿੱਚ ਗ੍ਰਿਫਤਾਰ ਕੀਤੇ ਗਈ ਚੀਨੀ ਟੈਕਨੀਕਲ ਕੰਪਨੀ ਹੁਆਵੇ ਦੀ ਐਗਜ਼ੈਕਟਿਵ ਮੈਂਗ ਵਾਨਜ਼ੋਊ ਨੂੰ ਰਿਹਾਅ ਕਰਵਾਉਣ ਲਈ ਚੀਨ ਵੱਲੋਂ ਚੱਲੀਆਂ ਜਾ ਰਹੀਆਂ ਸਿਆਸੀ ਚਾਲਾਂ ਹਨ।

ਜ਼ਿਕਰਯੋਗ ਹੈ ਕਿ ਕੈਨੇਡੀਅਨ ਅਦਾਲਤ ਅਗਲੇ ਕੁੱਝ ਹਫਤਿਆਂ ਵਿੱਚ ਇਸ ਸਬੰਧ ਵਿੱਚ ਫਾਈਨਲ ਬਹਿਸ ਸੁਣੇਗੀ ਕਿ ਐਗਜ਼ੈਕਟਿਵ ਮੈਂਗ ਵਾਨਜ਼ੋਊ ਨੂੰ ਕ੍ਰਿਮੀਨਲ ਚਾਰਜਿਜ਼ ਦੀ ਸੁਣਵਾਈ ਲਈ ਅਮਰੀਕਾ ਹਵਾਲੇ ਕਰਨਾ ਚਾਹੀਦਾ ਹੈ ਜਾਂ ਨਹੀਂ। ਇਸ ਚੀਨੀ ਐਗਜ਼ੈਕਟਿਵ ਦੀ 2018 ਵਿੱਚ ਹੋਈ ਗ੍ਰਿਫਤਾਰੀ ਤੋਂ ਤੁਰੰਤ ਬਾਅਦ ਸਪੇਵਰ ਤੇ ਇੱਕ ਹੋਰ ਕੈਨੇਡੀਅਨ ਨੂੰ ਚੀਨ ਵਿੱਚ ਜਾਸੂਸੀ ਦੇ ਦੋਸ਼ਾਂ ਵਿੱਚ ਨਜ਼ਰਬੰਦ ਕਰ ਲਿਆ ਗਿਆ ਸੀ। ਮੰਗਲਵਾਰ ਨੂੰ ਚੀਨ ਦੀ ਇੱਕ ਅਦਾਲਤ



ਵੱਲੋਂ ਇੱਕ ਤੀਜੇ ਕੈਨੇਡੀਅਨ, ਜਿਸ ਨੂੰ ਨਸ਼ਿਆਂ ਦੀ ਸਮਗਲਿੰਗ ਲਈ ਗ੍ਰਿਫਤਾਰ ਕਰਨ ਤੋਂ ਕੁੱਝ ਸਮੇਂ ਬਾਅਦ ਮੌਤ ਦੀ ਸਜ਼ਾ ਸੁਣਾਈ ਗਈ ਸੀ, ਦੀ ਮੌਤ ਦੀ ਸਜ਼ਾ ਖਤਮ ਕਰਨ ਸਬੰਧੀ ਕੀਤੀ ਗਈ ਅਪੀਲ ਖਾਰਜ ਕਰ ਦਿੱਤੀ ਗਈ।

ਇਸ ਫੈਸਲੇ ਤੋਂ ਬਾਅਦ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਸੀ ਕਿ ਇਹ ਫੈਸਲਾ ਬਿਲਕੁਲ ਵੀ ਸਵੀਕਾਰਨਯੋਗ ਨਹੀਂ ਹੈ ਤੇ ਇਹ ਇਨਸਾਫ ਨਹੀਂ ਹੈ। ਇਸ ਬਿਆਨ ਵਿੱਚ ਆਖਿਆ ਗਿਆ ਕਿ ਇਸ ਫੈਸਲੇ ਨਾਲ ਕਾਨੂੰਨੀ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਦੀ ਘਾਟ ਤੇ ਕੌਮਾਂਤਰੀ ਕਾਨੂੰਨ ਲਈ ਘੱਟ ਤੋਂ ਘੱਟ ਲੋੜੀਂਦੇ ਮਾਪਦੰਡਾਂ ਉੱਤੇ ਖਰਾ ਨਹੀਂ ਉਤਰਿਆ ਗਿਆ। ...ਬਾਕੀ ਪੰਨਾ 3 'ਤੇ

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axel Insurance Brokers Ltd.
1550 South Gateway Rd. Suite 220 Mississauga, ON L4W 5G6

## ਓਨਟਾਰੀਓ ਨੇ ਸਕੂਲਾਂ ਲਈ ਕੋਵਿਡ-19 ਸਬੰਧੀ ਜਾਰੀ ਕੀਤੀਆਂ ਨਵੀਆਂ ਗਾਈਡਲਾਈਨਜ਼

ਟੋਰਾਂਟੋ, 11 ਅਗਸਤ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਵੈਕਸੀਨੇਸ਼ਨ ਮੁਕੰਮਲ ਕਰਵਾ ਚੁੱਕੇ ਵਿਦਿਆਰਥੀਆਂ ਅਤੇ ਸਟਾਫ ਲਈ ਆਈਸੋਲੇਸ਼ਨ ਸਬੰਧੀ ਵੱਖਰੇ ਨਿਯਮ ਕਾਇਮ ਕੀਤੇ ਜਾਣ ਦੀ ਪੁਸ਼ਟੀ ਕੀਤੀ ਗਈ ਹੈ। ਇਸ ਦੇ ਨਾਲ ਹੀ ਇਹ ਜਾਣਕਾਰੀ ਵੀ ਦਿੱਤੀ ਗਈ ਕਿ ਇਸ ਸਾਲ ਦੇ ਅੰਤ ਤੱਕ ਕੋਵਿਡ-19 ਆਊਟਬ੍ਰੇਕ ਹੋਣ ਦੀ ਸੂਰਤ ਵਿੱਚ ਕੀ ਹੋਵੇਗਾ।

ਬੁੱਧਵਾਰ ਸਵੇਰ ਨੂੰ ਜਾਰੀ ਕੀਤੇ ਗਏ ਦਸਤਾਵੇਜ਼ "ਕੋਵਿਡ-19 ਗਾਈਡੈਂਸ : ਸਕੂਲ ਕੇਸ, ਕਾਂਟੈਕਟ ਐਂਡ ਆਊਟਬ੍ਰੇਕ ਮੈਨੇਜਮੈਂਟ,"ਵਿੱਚ ਇਹ ਸਪਸ਼ਟ



ਕੀਤਾ ਗਿਆ ਹੈ ਕਿ ਜਿਹੜੇ ਵਿਅਕਤੀਆਂ ਦੀ ਮੁਕੰਮਲ ਵੈਕਸੀਨੇਸ਼ਨ ਹੋ ਚੁੱਕੀ ਹੈ ਤੇ ਜਿਹੜੇ ਏਸਿੰਪਟੋਮੈਟਿਕ ਹਨ, ਉਨ੍ਹਾਂ ਨੂੰ ਵਾਇਰਸ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਵੀ ਖੁਦ ਨੂੰ ਆਈਸੋਲੇਟ ਕਰਨ ਦੀ ਲੋੜ ਨਹੀਂ। ਇਸ ਲਈ ਉਨ੍ਹਾਂ ਨੂੰ ਸਕੂਲ ਤੋਂ ਡਿਸਮਿਸ ਨਹੀਂ ਕੀਤਾ ਜਾਵੇਗਾ। ਇਸੇ ਤਰ੍ਹਾਂ ਹੀ ਵਾਇਰਸ ਦੇ ਸੰਪਰਕ ਵਿੱਚ ਆਉਣ ਵਾਲੇ ਵਿਦਿਆਰਥੀ ਦੇ ਨਾਲ ਰਹਿਣ ਵਾਲੇ ਉਸ ਦੇ ਘਰਦਿਆਂ ਵਿੱਚੋਂ, ਜਿਨ੍ਹਾਂ ਨੇ ਵੈਕਸੀਨੇਸ਼ਨ ਮੁਕੰਮਲ ਕਰਵਾਈ ਹੋਵੇਗੀ, ਕਿਸੇ ਨੂੰ ਸੈਲਫ ਆਈਸੋਲੇਟ ਹੋਣ ਦੀ ਲੋੜ ਨਹੀਂ ਹੈ।
...ਬਾਕੀ ਪੰਨਾ 3 'ਤੇ

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
Home | Auto | Business | Trucking | Life Insurance | Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

Dubai Jewellers
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
Dubai Jewellers
Raj & Gulshan Mob: 416-465-1200
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

## ਅਗਸਤ ਮਹੀਨੇ ਕੋਵਿਡ-19 ਤੋਂ ਸੰਕ੍ਰਮਿਤ ਯਾਤਰੀ ਹਵਾਈ ਜਹਾਜ਼ਾਂ ਰਾਹੀਂ ਪਹੁੰਚੇ ਕੈਨੇਡਾ

ਟੋਰਾਂਟ', 11 ਅਗਸਤ (ਪੋਸਟ ਬਿਊਰੋ) : ਇਸ ਮਹੀਨੇ ਦੇ ਪਹਿਲੇ ਹਫਤੇ ਕੋਵਿਡ-19 ਤੋਂ ਸੰਕ੍ਰਮਿਤ ਏਅਰਲਾਈਨ ਪੈਸੈਂਜਰ ਕੈਨੇਡਾ ਪਹੁੰਚੇ।ਇਹ ਅੰਕੜਾ ਪਿਛਲੇ ਮਹੀਨੇ ਦੇ ਅੰਕੜੇ ਤੋਂ ਵੀ ਪਹਿਲਾਂ ਹੀ ਟੱਪ ਚੁੱਕਿਆ ਹੈ।

ਅਗਸਤ ਦੇ ਪਹਿਲੇ ਹਫਤੇ 137 ਕੌਮਾਂਤਰੀ ਫਲਾਈਟਸ ਕੈਨੇਡਾ ਪਹੁੰਚੀਆਂ, ਇਨ੍ਹਾਂ ਵਿੱਚ ਅਜਿਹੇ ਯਾਤਰੀ ਵੀ ਆਏ ਜਿਹੜੇ ਕੋਵਿਡ-19 ਪਾਜ਼ੀਟਿਵ ਪਾਏ ਗਏ। ਮੀਡੀਆ ਅਨੁਸਾਰ ਜੁਲਾਈ ਵਿੱਚ 400 ਕੋਵਿਡ-19 ਪਾਜ਼ੀਟਿਵ ਫਲਾਈਟਸ ਕੈਨੇਡਾ ਆਈਆਂ ਸਨ।ਇਨ੍ਹਾਂ 435 ਫਲਾਈਟਸ ਵਿੱਚੋਂ 133 ਅਮਰੀਕਾ ਤੋਂ ਆਈਆਂ ਜਿਨ੍ਹਾਂ ਵਿੱਚੋਂ ਲਾਸ ਏਂਜਲਸ, ਡੱਲਾਸ, ਫੋਰਟ ਲਾਡਰਡੇਲ, ਡੈਨਵਰ ਤੇ ਸ਼ਿਕਾਗੋ ਤੋਂ ਸਨ। ਕੌਮਾਂਤਰੀ ਜਹਾਜ਼ਾਂ ਵਿੱਚੋਂ 31 ਐਮਸਟਰਡਮ ਤੋਂ ਆਏ ਤੇ ਇੱਥੇ ਇਨਫੈਕਸ਼ਨ ਦਰ ਸਭ



ਤੋਂ ਜ਼ਿਆਦਾ ਸੀ, ਪਰ ਇਸ ਤੋਂ ਇਲਾਵਾ ਫਲਾਈਟਸ ਪੈਰਿਸ, ਇਸਤਾਨਬੁੱਲ, ਫਰੈਂਕਫਰਟ, ਮੈਕਸਿਕੋ ਸਿਟੀ ਤੇ ਲੰਡਨ ਤੋਂ ਵੀ ਆਈਆਂ।ਕੋਵਿਡ-19 ਤੋਂ ਸੰਕ੍ਰਮਿਤ ਬਹੁਤੇ ਯਾਤਰੀ ਟੋਰਾਂਟੋ ਤੇ ਮਾਂਟਰੀਅਲ ਵਿਖੇ ਲੈਂਡ ਕੀਤੇ।ਇਜ਼ਰਾਈਲ ਤੋਂ ਟੋਰਾਂਟੋ ਪਹੁੰਚੇ ਇੱਕ ਯਾਤਰੀ ਨੇ ਆਖਿਆ ਕਿ ਇਹ ਬੜੀ ਹੈਰਾਨੀ ਵਾਲੀ ਗੱਲ ਹੈ ਕਿਉਂਕਿ ਜਹਾਜ਼ ਉੱਤੇ ਚੜ੍ਹਨ ਤੋਂ ਪਹਿਲਾਂ ਤੁਹਾਨੂੰ ਕੋਵਿਡ-19 ਟੈਸਟ ਕਰਵਾਉਣਾ ਪੈਂਦਾ ਹੈ। ਜਹਾਜ਼ ਉੱਤੇ ਚੜ੍ਹਨ ਲਈ ਪੈਸੈਂਜਰ ਦੀ ਕੋਵਿਡ-19 ਰਿਪੋਰਟ ਦਾ ਨੈਗੇਟਿਵ ਹੋਣਾ ਵੀ ਜ਼ਰੂਰੀ ਹੈ।

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Axael InsuranceBrokers Ltd. | 1332 Khalsa Dr, Unit # 11, Mississauga, ON L5S 0A2

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213


KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
1083
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
2GB
$35/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 2GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਕੈਨੇਡੀਅਨ ਨਾਗਰਿਕ ਸਪੇਵਰ ਨੂੰ ਜਾਸੂਸੀ ਦੇ ਦੋਸ਼ਾਂ ਵਿੱਚ ਚੀਨ ਨੇ ਸੁਣਾਈ 11 ਸਾਲਾਂ ਦੀ ਸਜ਼ਾ

...ਪੰਨਾ 1 ਦਾ ਬਾਕੀ

ਬਿਆਨ ਵਿੱਚ ਇਹ ਵੀ ਆਖਿਆ ਗਿਆ ਕਿ ਸਪੇਵਰ ਤੇ ਮਾਈਕਲ ਕੋਵਰਿਗ, ਜਿਨ੍ਹਾਂ ਨੂੰ ਇਸੇ ਤਰ੍ਹਾਂ ਜਾਸੂਸੀ ਦੇ ਦੋਸ਼ ਵਿੱਚ ਨਜ਼ਰਬੰਦ ਕੀਤਾ ਗਿਆ ਹੈ, ਦੀ ਰਿਹਾਈ ਸਾਡੀ ਮੁੱਖ ਤਰਜੀਹ ਹੈ। ਜਿੰਨੀ ਜਲਦੀ ਹੋ ਸਕਦਾ ਹੈ ਅਸੀਂ ਉਨ੍ਹਾਂ ਨੂੰ ਘਰ ਵਾਪਿਸ ਲਿਆਉਣ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ। ਇੱਕ ਬਿਆਨ ਵਿੱਚ ਵਿਦੇਸ਼ ਮੰਤਰੀ ਮਾਰਕ ਗਾਰਨਿਊ ਨੇ ਚੀਨ ਵੱਲੋਂ ਸਪੇਵਰ ਨੂੰ ਦਿੱਤੀ ਗਈ ਇਸ ਸਜ਼ਾ ਦੀ ਨਿਖੇਧੀ ਕੀਤੀ। ਉਨ੍ਹਾਂ ਆਖਿਆ ਕਿ ਪਿਛਲੇ ਦੋ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਅਸੀਂ ਇਹ ਆਖ ਰਹੇ ਹਾਂ ਕਿ ਮਾਈਕਲ ਸਪੇਵਰ ਤੇ ਮਾਈਕਲ ਕੋਵਰਿਗ ਖਿਲਾਫ ਲਾਏ ਗਏ ਦੋਸ਼ ਬੇਬੁਨਿਆਦ ਤੇ ਮਨਮਾਨੇ ਹਨ।

# ਓਨਟਾਰੀਓ ਨੇ ਸਕੂਲਾਂ ਲਈ ਕੋਵਿਡ-19 ਸਬੰਧੀ ਜਾਰੀ ਕੀਤੀਆਂ ਨਵੀਆਂ ਗਾਈਡਲਾਈਨਜ਼

...ਪੰਨਾ 1 ਦਾ ਬਾਕੀ


ਜਿਹੜੇ ਵਿਦਿਆਰਥੀ ਪੂਰੀ ਤਰ੍ਹਾਂ ਇਮਿਊਨਾਈਜ਼ਡ ਨਹੀਂ ਹਨ ਤੇ ਜੇ ਉਹ ਕੋਵਿਡ-19 ਦੇ ਸੰਪਰਕ ਵਿੱਚ ਆਉਂਦੇ ਹਨ ਤਾਂ ਉਨ੍ਹਾਂ ਨੂੰ ਖੁਦ ਨੂੰ 10 ਦਿਨਾਂ ਲਈ ਆਈਸੋਲੇਟ ਕਰਨਾ ਹੋਵੇਗਾ। ਗਾਈਡਲਾਈਨਜ਼ ਮੁਤਾਬਕ ਆਈਸੋਲੇਸ਼ਨ ਪੀਰੀਅਡ ਦੇ ਸੱਤਵੇਂ ਦਿਨ ਟੈਸਟ ਕਰਵਾਉਣ ਦੀ ਸਿਫਾਰਿਸ਼ ਵੀ ਕੀਤੀ ਗਈ ਹੈ।

ਜੇ ਕਿਸੇ ਵਿਦਿਆਰਥੀਆਂ ਦੇ ਸਮੂਹ ਵਿੱਚ ਅਜਿਹੇ ਵਿਦਿਆਰਥੀ ਹਨ ਜਿਨ੍ਹਾਂ ਨੇ ਵੈਕਸੀਨੇਸ਼ਨ ਨਹੀਂ ਕਰਵਾਈ ਹੋਈ, ਜਾ ਇਮਿਊਨਾਈਜ਼ੇਸ਼ਨ ਕਵਰੇਜ ਦਾ ਪਤਾ ਨਹੀਂ ਹੈ, ਤਾਂ ਸਬੰਧਤ ਪਬਲਿਕ ਹੈਲਥ ਯੂਨਿਟਸ ( ਪੀਐਚਯੂ) ਪੂਰੇ ਸਮੂਹ ਨੂੰ ਡਿਸਮਿੱਸ ਕਰ ਸਕਦੀ ਹੈ। ਇਸ ਤੋਂ ਇਲਾਵਾ ਕਿਸੇ ਸਕੂਲ ਵਿੱਚ ਆਊਟਬ੍ਰੇਕ ਉਦੋਂ ਮੰਨੀ ਜਾਵੇਗੀ ਜਦੋਂ ਸਕੂਲ ਦੇ ਵਿਦਿਆਰਥੀਆਂ, ਅਧਿਆਪਕਾਂ, ਸਟਾਫ ਜਾਂ ਵਿਜ਼ੀਟਰਜ਼ ਵਿੱਚ ਕੋਵਿਡ 19 ਦੇ ਦੋ ਜਾਂ ਦੋ ਤੋਂ ਵੱਧ ਮਾਮਲੇ, ਜਿਨ੍ਹਾਂ ਦੀ ਪੁਸ਼ਟੀ ਲੈਬ ਵੱਲੋਂ ਕੀਤੀ ਗਈ ਹੋਵੇ, ਨਿਕਲਦੇ ਹਨ। ਇਹੋ ਨਿਯਮ ਚਾਈਲਡ ਕੇਅਰ ਸੈਟਿੰਗਜ਼ ਤੇ ਸਕੂਲ ਦੇ ਪਹਿਲਾਂ ਤੇ ਬਾਅਦ ਵਾਲੇ ਪ੍ਰੋਗਰਾਮਜ਼ ਉੱਤੇ ਵੀ ਨਿਰਭਰ ਕਰਦਾ ਹੈ।

ਆਊਟਬ੍ਰੇਕ ਦੌਰਾਨ ਪੂਰੇ ਸਕੂਲ ਨੂੰ ਬੰਦ ਕੀਤਾ ਜਾ ਸਕਦਾ ਹੈ ਤੇ ਜਾਂ ਫਿਰ ਕਿਸੇ ਇੱਕ ਸਮੂਹ ਜਾਂ ਕਲਾਸ ਆਦਿ ਨੂੰ ਆਈਸੋਲੇਟ ਕੀਤਾ ਜਾ ਸਕਦਾ ਹੈ। ਪੀਐਚਯੂ ਵੱਲੋਂ ਹੀ ਆਊਟਬ੍ਰੇਕ ਦੀ ਗੰਭੀਰਤਾ ਤੈਅ ਕੀਤੀ ਜਾਵੇਗੀ ਤੇ ਇਸ ਸਬੰਧ ਵਿੱਚ ਜਿਹੜੇ ਮਾਪਦੰਡ ਅਪਣਾਏ ਜਾਣੇ ਚਾਹੀਦੇ ਹਨ ਉਹ ਅਪਣਾਏ ਜਾਣਗੇ।

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6

Emergency Contact:
416.910.5676
www.shergilllawfirm.ca


UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ
ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification

Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

Great Invetsment Opportunity
In The Region of Timminis,ON
8 ACRE OF lAND CAN BE SEVERD IN TWO LOTS OF 4 ACRE
Apartment Building For Sale:
4 units 3 bedroom | 2 units 1 bedroom | 1 unit bachelor




For More Details Call: 416-970-5005/647-242-8667


Jas Toor
Sales Repersentative
Sutton
Sutton Group-Realty Experts
Brokerage*

Jagdish Grewal
Sales Repersentative
Century 21
President Realty Inc.
Brokerage*


## ਅੱਜ ਨਾਮਾ

ਖਿਸਕਿਆ ਜਦੋਂ ਪਹਾੜ ਤੇ ਹੇਠ ਆਇਆ,
ਫਸ ਗਏ ਪਤਾ ਨਹੀਂ ਕਿੰਨੇ ਕੁ ਲੋਕ ਬੇਲੀ।
ਮਾਰੀ ਮੌਤ ਨੇ ਝਪਟ ਫਿਰ ਇਸ ਤਰ੍ਹਾਂ ਦੀ,
ਸਕਦਾ ਕੋਈ ਵੀ ਜੀਹਨੂੰ ਨਹੀਂ ਰੋਕ ਬੇਲੀ।
ਰਾਹਤ ਵਾਲੀਆਂ ਭਾਵੇਂ ਸਨ ਬਹੁਤ ਟੀਮਾਂ,
ਦਿੱਤੀ ਤਾਕਤ ਵੀ ਸਿਖਰ ਦੀ ਝੋਕ ਬੇਲੀ।
ਫਿਰ ਵੀ ਪਤਾ ਨਹੀਂ ਮਰੇ ਹਨ ਲੋਕ ਕਿੰਨੇ,
ਕਿੰਨੇ ਘਰਾਂ ਵਿੱਚ ਗਿਆ ਇਹ ਸ਼ੋਕ ਬੇਲੀ।
ਬੰਦਾ ਟਾਕੀ ਅਸਮਾਨ ਨੂੰ ਲਾਉਣ ਤੁਰਿਆ,
ਮੰਗਲ ਤੀਕਰ ਵੀ ਰੱਖ ਲਿਆ ਪੈਰ ਬੇਲੀ।
ਪੈਰਾਂ ਹੇਠਾਂ ਰਹੀ ਖਿਸਕ ਜ਼ਮੀਨ ਇਹਦੀ,
ਕੁਦਰਤ ਰਹਿਣ ਨਾ ਦੇਂਦੀ ਆ ਖੈਰ ਬੇਲੀ।

**ਤੀਸ ਮਾਰ ਖਾਂ**

# ਟਰਾਂਸ ਕੈਨੇਡਾ ਹਾਈਵੇਅ ਉੱਤੇ ਹੋਏ ਜ਼ਬਰਦਸਤ ਹਾਦਸੇ ਵਿੱਚ 2 ਹਲਾਕ, 3 ਜ਼ਖ਼ਮੀ

ਕੈਲਗਰੀ, 11 ਅਗਸਤ (ਪੋਸਟ ਬਿਊਰੋ) : ਅੱਜ ਸਵੇਰੇ ਟਰਾਂਸ ਕੈਨੇਡਾ ਹਾਈਵੇਅ ਉੱਤੇ ਇੱਕ ਸੈਮੀ, ਦੋ ਵੈਨਜ਼ ਤੇ ਇੱਕ ਕਾਰ ਦੇ ਆਪਸ ਵਿੱਚ ਟਕਰਾ ਜਾਣ ਕਾਰਨ ਦੋ ਵਿਅਕਤੀਆਂ ਦੀ ਮੌਤ ਹੋ ਗਈ ਤੇ ਤਿੰਨ ਹੋਰ ਜ਼ਖ਼ਮੀ ਹੋ ਗਏ। ਇਸ ਜ਼ਬਰਦਸਤ ਹਾਦਸੇ ਤੋਂ ਬਾਅਦ ਕਾਫੀ ਸਮੇਂ ਲਈ ਹਾਈਵੇਅ ਦਾ ਇੱਕ ਵੱਡਾ ਹਿੱਸਾ ਅਧਿਕਾਰੀਆਂ ਨੂੰ ਬੰਦ ਕਰਨਾ ਪਿਆ।

ਇਹ ਹਾਦਸਾ ਸਵੇਰੇ 11:30 ਵਜੇ ਤੋਂ ਬਾਅਦ ਵਾਪਰਿਆ। ਆਰਸੀਐਮਪੀ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਹਾਦਸਾ ਉਸ ਸਮੇਂ ਹੋਇਆ ਜਦੋਂ ਪੂਰਬ ਵੱਲ ਜਾ ਰਹੀ ਇੱਕ ਵੈਨ ਫਰੀਵੇਅ ਨੂੰ ਪਾਰ ਕਰਦੀ ਹੋਈ ਪੱਛਮ ਵਾਲੀਆਂ ਲੇਨਜ਼ ਵਿੱਚ ਦਾਖਲ ਹੋ ਗਈ ਤੇ ਸਾਹਮਣਿਓਂ ਆ ਰਹੀ ਕਾਰ ਨਾਲ ਜਾ ਟਕਰਾਈ। ਉਸੇ ਵੇਲੇ ਕਾਰ ਦੇ ਪਿੱਛੇ ਆ ਰਿਹਾ ਸੈਮੀ ਰੁਕ ਨਹੀਂ ਪਾਇਆ ਤੇ ਉਹ ਪਿੱਛੋਂ ਆ ਕੇ ਕਾਰ ਨਾਲ ਟਕਰਾ ਗਿਆ। ਫਿਰ ਉਸ ਦੇ ਪਿੱਛੇ ਆ ਰਹੀ



ਵੈਨ ਸੈਮੀ ਨਾਲ ਜਾ ਟਕਰਾਈ।

ਦੋ ਵਿਅਕਤੀਆਂ ਦੀ ਮੌਕੇ ਉੱਤੇ ਹੀ ਮੌਤ ਹੋ ਗਈ ਤੇ ਈ ਐਮ ਐਸ ਅਧਿਕਾਰੀਆਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਤਿੰਨ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ। ਉਨ੍ਹਾਂ ਦੀ ਹਾਲਤ ਗੰਭੀਰ ਪਰ ਸਥਿਰ ਦੱਸੀ ਜਾਂਦੀ ਹੈ।ਸੈਮੀ ਦੇ ਡਰਾਈਵਰ ਜਾਂ ਕਿਊਬ ਵੈਨ ਵਿੱਚ ਸਵਾਰ ਲੋਕਾਂ ਬਾਰੇ ਕੋਈ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ।

# ਕੌਮਾਂਤਰੀ ਟਰੈਵਲ ਲਈ ਸਰਕਾਰ ਜਲਦ ਜਾਰੀ ਕਰੇਗੀ ਵੈਕਸੀਨ ਪਾਸਪੋਰਟ !

ਓਟਵਾ, 11 ਅਗਸਤ (ਪੋਸਟ ਬਿਊਰੋ) : ਇਮੀਗ੍ਰੇਸ਼ਨ ਮੰਤਰੀ ਮਾਰਕੋ ਮੈਂਡੀਸਿਨੋ ਦਾ ਕਹਿਣਾ ਹੈ ਕਿ ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾ ਚੁੱਕੇ ਕੈਨੇਡੀਅਨਜ਼ ਨੂੰ ਜਲਦ ਹੀ ਇੱਕ ਸਰਕਾਰੀ ਦਸਤਾਵੇਜ਼ ਮਿਲੇਗਾ ਜਿਹੜਾ ਉਨ੍ਹਾਂ ਵੱਲੋਂ ਕਰਵਾਈ ਜਾ ਚੁੱਕੀ ਕੋਵਿਡ-19 ਵੈਕਸੀਨੇਸ਼ਨ ਦੀ ਪੁਸ਼ਟੀ ਕਰੇਗਾ। ਜਿਸ ਨਾਲ ਕੌਮਾਂਤਰੀ ਟਰੈਵਲ ਦੌਰਾਨ ਉਨ੍ਹਾਂ ਨੂੰ ਕੋਈ ਦਿੱਕਤ ਨਹੀਂ ਆਵੇਗੀ।



ਅਜਿਹੇ ਦਸਤਾਵੇਜ਼ ਦਾ ਵਾਅਦਾ ਓਟਵਾ ਵੱਲੋਂ ਕਈ ਮਹੀਨਿਆਂ ਤੋਂ ਕੀਤਾ ਜਾ ਰਿਹਾ ਹੈ। ਬੁੱਧਵਾਰ ਨੂੰ ਕੀਤਾ ਗਿਆ ਐਲਾਨ ਵੀ ਇਸੇ ਤਰ੍ਹਾਂ ਦੇ ਵਾਅਦੇ ਦਾ ਹੀ ਇੱਕ ਹਿੱਸਾ ਹੈ। ਫੈਡਰਲ ਸਰਕਾਰ ਅਜੇ ਵੀ ਇਹੋ ਆਖ ਰਹੀ ਹੈ ਕਿ ਇਹ ਦਸਤਾਵੇਜ਼ ਇਸ ਸਾਲ ਦੇ ਅੰਤ ਤੱਕ ਤਿਆਰ ਹੋ ਜਾਵੇਗਾ। ਇਹ ਵੀ ਆਖਿਆ ਜਾ ਰਿਹਾ ਹੈ ਕਿ ਇਹ ਡਿਜੀਟਲ ਹੋਵੇਗਾ ਤੇ ਜਿਨ੍ਹਾਂ ਨੂੰ ਲੋੜ ਹੋਵੇਗੀ ਉਨ੍ਹਾਂ ਨੂੰ ਕਾਗਜ਼ੀ ਰੂਪ ਵਿੱਚ ਵੀ ਇਹ ਮੁਹੱਈਆ ਕਰਵਾਇਆ ਜਾ ਸਕੇਗਾ।

ਇਸ ਦੀ ਵਰਤੋਂ ਘਰੇਲੂ ਪੱਧਰ ਉੱਤੇ ਨਹੀਂ ਕੀਤੀ ਜਾਵੇਗੀ ਪਰ ਜੇ ਕੋਈ ਪ੍ਰੋਵਿੰਸ ਅਜਿਹਾ ਕਰਨ ਬਾਰੇ ਵਿਚਾਰ ਕਰਦਾ ਹੈ ਤਾਂ ਇਸ ਨੂੰ ਘਰੇਲੂ ਪੱਧਰ ਉੱਤੇ ਵੀ ਵਰਤਿਆ ਜਾ ਸਕੇਗਾ। ਮੈਂਡੀਸਿਨੋ ਨੇ ਆਖਿਆ ਕਿ ਇਸ ਵਿੱਚ ਸ਼ਾਮਲ ਡਾਟਾ ਵਿੱਚ ਵੈਕਸੀਨ ਦੀ ਕਿਸਮ, ਤਰੀਕਾਂ ਤੇ ਜਿਸ ਥਾਂ ਉੱਤੇ ਸਬੰਧਤ ਵਿਅਕਤੀ ਦਾ ਟੀਕਾਕਰਣ ਹੋਇਆ, ਉਹ ਸੱਭ ਦਰਜ ਹੋਣਗੇ।

# ਪੰਜਾਬ ਨੇ ਇਨਾਮਾਂ ਦੀ ਰਕਮ ਵਧਾਈ, 11 ਮਰਦ ਹਾਕੀ ਖਿਡਾਰੀਆਂ ਨੂੰ ਢਾਈ-ਢਾਈ ਕਰੋੜ ਮਿਲਣਗੇ

ਚੰਡੀਗੜ੍ਹ, 11 ਅਗਸਤ, (ਪੋਸਟ ਬਿਊਰੋ)-ਪੰਜਾਬ ਸਰਕਾਰ ਨੇ ਓਲੰਪਿਕ ਚੈਂਪੀਅਨਜ਼ ਦੀ ਇਨਾਮੀ ਰਕਮ ਵਿੱਚ ਵਾਧਾ ਕਰਨ ਦਾ ਐਲਾਨ ਕੀਤਾ ਹੈ, ਜਿਸ ਮਗਰੋਂ ਮਰਦ ਹਾਕੀ ਟੀਮ ਦੇ 11 ਪੰਜਾਬੀ ਖਿਡਾਰੀਆਂ ਨੂੰ ਢਾਈ-ਢਾਈ ਕਰੋੜ ਰੁਪਏ ਦਿੱਤੇ ਜਾਣਗੇ। ਓਦੋਂ ਪਹਿਲਾਂ ਪੰਜਾਬ ਸਰਕਾਰ ਨੇ ਪਹਿਲਾਂ ਇੱਕ-ਇੱਕ ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਸੀ। ਇਸ ਦੇ ਨਾਲ ਹੀ ਗੋਲਡ ਮੈਡਲਿਸਟ ਨੀਰਜ ਚੋਪੜਾ ਨੂੰ ਢਾਈ ਕਰੋੜ ਵੀ ਮਿਲਣਗੇ ਤੇ ਦੋ ਮਹਿਲਾ ਹਾਕੀ ਖਿਡਾਰਨਾਂ ਗੁਰਜੀਤ ਕੌਰ ਤੇ ਰੀਨਾ ਖੋਖਰ ਨੂੰ 50-50 ਲੱਖ ਰੁਪਏ ਮਿਲਣਗੇ। ਟੋਕੀਓ ਉਲੰਪਿਕਸ ਦੌਰਾਨ ਡਿਸਕਸ ਥ੍ਰੋਅਦੇ ਫ਼ਾਈਨਲ ਗੇੜ ਤੱਕ ਪੁੱਜਣ ਵਾਲੀ ਪੰਜਾਬ ਦੀ ਧੀ ਕਮਲਪ੍ਰੀਤ ਕੌਰ ਨੂੰ ਵੀ 50 ਲੱਖ ਰੁਪਏ ਮਿਲਣਗੇ। ਇਸ ਦੇ ਨਾਲ ਪੰਜਾਬ ਸਰਕਾਰ ਪੰਜਾਬ ਦੇ ਬਾਕੀ ਸਾਰੇ ਉਲੰਪਿਕ ਖਿਡਾਰੀਆਂ ਨੂੰ 21-21 ਲੱਖ ਰੁਪਏ ਦੇਵੇਗੀ।

ਵਰਨਣ ਯੋਗ ਹੈ ਕਿ ਭਾਰਤੀ ਹਾਕੀ ਟੀਮ ਨੇ 41 ਸਾਲਾਂ ਬਾਅਦ ਓਲੰਪਿਕ ਖੇਡਾਂਦਾ ਤਮਗਾ ਜਿੱਤਿਆ ਹੈ , ਜਿਸ ਵਿੱਚ ਕਪਤਾਨ ਤੇ ਉਪ ਕਪਤਾਨ ਸਮੇਤ ਸਭ ਤੋਂ ਵੱਧ 11 ਖਿਡਾਰੀ ਪੰਜਾਬ ਦੇ ਸਨ। ਤਗ਼ਮਾ ਜਿੱਤਣ ਵਾਲੀ ਭਾਰਤੀ ਹਾਕੀ



ਟੀਮ ਦੇ ਪੰਜਾਬੀ ਖਿਡਾਰੀਆਂ ਮਨਪ੍ਰੀਤ ਸਿੰਘ (ਕਪਤਾਨ), ਹਰਮਨਪ੍ਰੀਤ ਸਿੰਘ (ਉਪ ਕਪਤਾਨ), ਰੁਪਿੰਦਰ ਪਾਲ ਸਿੰਘ, ਸਿਮਰਨਜੀਤ ਸਿੰਘ, ਮਨਦੀਪ ਸਿੰਘ, ਗੁਰਜੰਟ ਸਿੰਘ, ਸ਼ਮਸ਼ੇਰ ਸਿੰਘ, ਵਰੁਣ ਕੁਮਾਰ, ਦਿਲਪ੍ਰੀਤ ਸਿੰਘ, ਹਾਰਦਿਕ ਸਿੰਘ ਤੇ ਕ੍ਰਿਸ਼ਨ ਪਾਠਕ ਨੂੰ ਪੰਜਾਬ ਸਰਕਾਰ ਨੇ 1-1 ਕਰੋੜ ਰੁਪਏ ਨਾਲ ਸਨਮਾਨਤ ਕਰਨ ਦਾ ਐਲਾਨ ਕੀਤਾ ਸੀ।ਸਰਕਾਰ ਦੇ ਬੁਲਾਰੇ ਨੇ ਕਿਹਾ ਕਿ ਮੁੱਖ ਮੰਤਰੀ ਨੇ ਹਾਕੀ ਖਿਡਾਰੀਆਂ ਦੀ ਰਾਸ਼ੀਵਧਾ ਦਿੱਤੀ ਹੈਤੇ ਇਸ ਪਿੱਛੋਂ ਮੌਜੂਦਾ ਹਾਕੀ ਟੀਮ ਦੇ ਹਰ ਪੰਜਾਬੀ ਖਿਡਾਰੀ ਨੂੰ 2.51 ਕਰੋੜ ਰੁਪਏ ਨਕਦ ਇਨਾਮ ਮਿਲੇਗਾ। ਓਲੰਪਿਕ ਦੇ ਮਹਿਲਾ ਹਾਕੀ ਮੁਕਾਬਲਿਆਂ ਵਿੱਚ ਚੌਥੇ ਸਥਾਨ ਤੱਕ ਪੁੱਜ ਕੇ ਇਤਿਹਾਸ ਰਚਣ ਵਾਲੀ ਭਾਰਤੀ ਟੀਮ ਦੀਆਂ ਦੋ ਪੰਜਾਬੀ ਖਿਡਾਰਨਾਂ ਗੁਰਜੀਤ ਕੌਰ ਅਤੇ ਰੀਨਾ ਖੋਖਰ ਤੇ ਅਥਲੈਟਿਕਸ ਦੇ ਡਿਸਕਸ ਫਾਈਨਲ ਮੁਕਾਬਲੇ ਵਿੱਚ ਛੇਵੇਂ ਥਾਂ ਪੁੱਜਣ ਵਾਲੀ ਕਮਲਪ੍ਰੀਤ ਕੌਰ ਨੂੰ 50-50 ਲੱਖ ਰੁਪਏ ਨਾਲ ਸਨਮਾਨਤ ਕੀਤਾ ਜਾਵੇਗਾ। ਪੰਜਾਬ ਦੇ ਖਿਡਾਰੀਆਂ ਦੇ ਨਾਲ ਜੈਵਲਿਨ ਥਰੋਅਦਾ ਸੋਨ ਤਮਗਾ ਜਿੱਤਣ ਵਾਲੇ ਭਾਰਤੀ ਖਿਡਾਰੀ ਨੀਰਜ ਚੋਪੜਾ ਨੂੰ ਵੀ 32.67 ਕਰੋੜ ਰੁਪਏ ਨਾਲ ਸਨਮਾਨਿਆ ਜਾਵੇਗਾ।ਓਲੰਪਿਕ ਖੇਡਾਂ ਵਿੱਚ ਭਾਰਤ ਦੀ ਨੁਮਾਇੰਦਗੀ ਕਰਨ ਵਾਲੇ ਪੰਜਾਬ ਦੇ ਹੋਰ ਖਿਡਾਰੀਆਂ ਮੁੱਕੇਬਾਜ਼ ਸਿਮਰਨਜੀਤ ਕੌਰ, ਨਿਸ਼ਾਨੇਬਾਜ਼ ਅੰਜੁਮ ਮੋਦਗਿਲ ਤੇ ਅੰਗਦਵੀਰ ਸਿੰਘ ਅਤੇ ਅਥਲੀਟ ਤੇਜਿੰਦਰ ਪਾਲ ਸਿੰਘ ਤੂਰ ਅਤੇ ਗੁਰਪ੍ਰੀਤ ਸਿੰਘ ਅਤੇ ਪੈਰਾਲੰਪਿਕ ਵਿੱਚ ਹਿੱਸਾ ਲੈਣ ਜਾ ਰਹੀ ਬੈਡਮਿੰਟਨ ਖਿਡਾਰਨ ਪਲਕ ਕੋਹਲੀ ਨੂੰ 21-21 ਲੱਖ ਰੁਪਏ ਨਾਲ ਸਨਮਾਨਿਤ ਕੀਤਾ ਜਾਵੇਗਾ।

# ਛੁਰੇਬਾਜ਼ੀ ਵਿੱਚ ਇੱਕ ਜ਼ਖ਼ਮੀ

ਓਨਟਾਰੀਓ, 11 ਅਗਸਤ (ਪੋਸਟ ਬਿਊਰੋ) : ਮੰਗਲਵਾਰ ਰਾਤ ਨੂੰ ਡਾਊਨਟਾਊਨ ਵਿੱਚ ਛੁਰੇਬਾਜ਼ੀ ਦੀ ਵਾਪਰੀ ਘਟਨਾ ਤੋਂ ਬਾਅਦ ਇੱਕ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ।

ਪੁਲਿਸ ਨੂੰ ਰਾਤੀਂ 9:30 ਵਜੇ ਗੇਰਾਰਡ ਤੇ ਜਾਰਵਿਸ ਸਟਰੀਟਸ ਉੱਤੇ ਵਾਪਰੀ ਇਸ ਘਟਨਾ ਦੇ ਸਬੰਧ ਵਿੱਚ ਸੱਦਿਆ ਗਿਆ। ਜਿਸ ਵਿਅਕਤੀ ਉੱਤੇ ਚਾਕੂ ਨਾਲ ਵਾਰ ਕੀਤਾ ਗਿਆ ਉਹ ਆਪਣੇ 40ਵਿਆਂ ਵਿੱਚ ਸੀ। ਉਸ ਨੂੰ ਗੰਭੀਰ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ ਜਿੱਥੇ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ।

ਅਜੇ ਤੱਕ ਕਿਸੇ ਮਸ਼ਕੂਕ ਦੇ ਸਬੰਧ ਵਿੱਚ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ।

## ਅਮਰਿੰਦਰ-ਮੋਦੀ ਮੁਲਾਕਾਤ

# ਖੇਤੀ ਕਾਨੂੰਨ ਰੱਦ ਕਰਨ ਤੇ ਮੁਫ਼ਤ ਕਾਨੂੰਨੀ ਸਹਾਇਤਾ ਕਿਸਾਨਾਂ ਨੂੰ ਵੀ ਦੇਣ ਦੀ ਮੰਗ

ਨਵੀਂ ਦਿੱਲੀ, 11 ਅਗਸਤ, (ਪੋਸਟ ਬਿਊਰੋ)-ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਬੁੱਧਵਾਰ ਨੂੰ ਦਿੱਲੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ ਤਾਂ ਉਨ੍ਹਾਂ ਨੂੰ ਵਿਵਾਦ ਵਾਲੇ ਖੇਤੀ ਕਾਨੂੰਨ ਰੱਦ ਕਰਨ ਤੇ ਕਿਸਾਨਾਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਵਾਲੇ ਲੋਕਾਂ ਦੀ ਸ਼੍ਰੇਣੀ ਵਿਚ ਸ਼ਾਮਲ ਕਰਨ ਲਈ ਸਬੰਧਤ ਕਾਨੂੰਨ ਵਿਚ ਬਣਦੀ ਸੋਧ ਕਰਨ ਵਾਸਤੇ ਤੁਰੰਤ ਕਦਮ ਚੁੱਕਣ ਦੀ ਅਪੀਲ ਕੀਤੀ ਹੈ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਅੱਜ ਸ਼ਾਮ ਏਥੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਦੌਰਾਨ ਉਨ੍ਹਾ ਨੂੰ ਦੋ ਪੱਤਰ ਵੀ ਸੌਂਪੇ।

ਇਸ ਮੌਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਤਿੰਨ ਖੇਤੀ ਕਾਨੂੰਨਾਂ ਨੂੰਮੁੜ ਕੇ ਵਿਚਾਰਨ ਅਤੇ ਇਨ੍ਹਾਂ ਨੂੰ ਰੱਦ ਕਰਨ ਲਈ ਕਿਹਾ, ਕਿਉਂ ਜੋ ਇਨ੍ਹਾਂ ਦੇ ਕਾਰਨ ਪੰਜਾਬ ਤੇ ਹੋਰ ਰਾਜਾਂ ਦੇ ਕਿਸਾਨਾਂ ਵਿਚ ਵੱਡੀ ਪੱਧਰ ਉਤੇ ਰੋਸ ਹੈ ਅਤੇ ਉਹ ਬੀਤੇ 26 ਨਵੰਬਰ ਤੋਂ ਦਿੱਲੀ ਦੀਆਂ ਸਰਹੱਦਾਂ ਉਤੇ ਪ੍ਰਦਰਸ਼ਨ ਕਰ ਰਹੇ ਹਨ। ਇਸ ਲਮਕਵੇਂ ਕਿਸਾਨ ਅੰਦੋਲਨ ਵਿਚ ਆਪਣੀ ਜਾਨ ਗੁਆ ਚੁੱਕੇ 400 ਕਿਸਾਨਾਂ ਅਤੇ ਖੇਤ ਕਾਮਿਆਂ ਬਾਰੇ ਦੱਸ ਕੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਇਸ ਨਾਲ ਪੰਜਾਬ ਅਤੇ ਦੇਸ਼ ਦੀ ਸੁਰੱਖਿਆ ਲਈ ਵੱਡਾ ਖਤਰਾ ਬਣਨ ਦਾ ਡਰ ਹੈ, ਕਿਉਂ ਜੋ ਪਾਕਿ-ਸਤਾਨ ਦੀ ਸ਼ਹਿ ਵਾਲੀਆਂ ਤਾਕਤਾਂ ਸਰਕਾਰ ਵਿਰੁੱਧ ਕਿਸਾਨਾਂ ਦੀ ਨਾਰਾਜ਼ਗੀ ਦਾ ਨਜਾਇਜ਼ ਲਾਹਾ ਲੈਣ ਦੀ ਤਾਕ ਵਿਚ ਹਨ। ਇਸ ਮੌਕੇ ਕਿਸਾਨੀ ਮੁੱਦੇ ਦਾ ਪੱਕਾ ਹੱਲ ਲੱਭਣ ਦੇ ਲਈ ਭਾਰਤ ਸਰਕਾਰ ਵੱਲੋਂ ਕਿਸਾਨਾਂ



ਦੇ ਜਾਇਜ਼ ਸ਼ੰਕਿਆਂ ਦੇ ਛੇਤੀ ਹੱਲ ਲਈ ਪ੍ਰਧਾਨ ਮੰਤਰੀ ਨੂੰ ਦਖ਼ਲ ਦੀ ਅਪੀਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਵਕਤ ਚੱਲਦਾ ਕਿਸਾਨ ਅੰਦੋਲਨ ਪੰਜਾਬ ਵਿਚ ਆਰਥਿਕ ਸਰਗਰਮੀਆਂ ਨੂੰ ਪ੍ਰਭਾਵਤ ਕਰ ਰਿਹਾ ਹੈ।

ਮੁੱਖ ਮੰਤਰੀ ਨੇ ਇਸ ਮੌਕੇ ਪ੍ਰਧਾਨ ਮੰਤਰੀ ਨੂੰ ਇਕ ਪੱਤਰ ਦੇ ਕੇ ਜ਼ੋਰ ਦਿੱਤਾ ਕਿ ਜ਼ਮੀਨਾਂ ਵੰਡੇ ਜਾਣ ਤੇ ਪਟੇ ਉਤੇ ਜ਼ਮੀਨ ਲੈਣ ਵਾਲਿਆਂ, ਮਾਰਕੀਟ ਅਪਰੇਟਰਾਂ ਤੇ ਏਜੰਟਾਂ ਨਾਲ ਲਗਾਤਾਰ ਵਿਵਾਦ ਕਾਰਨ ਕਿਸਾਨਾਂ ਨੂੰ ਅੱਜਕੱਲ੍ਹ ਅਦਾਲਤੀ ਕੇਸਾਂ ਦਾ ਸਾਹ-ਮਣਾ ਬਹੁਤ ਕਰਨਾ ਪੈਂਦਾ ਹੈ, ਜਿਸ ਨਾਲ ਉਨ੍ਹਾਂ ਉੱਤੇ ਹੋਰ ਆਰਥਿਕ ਬੋਝ ਪੈਂਦਾ ਹੈ।ਏਦਾਂ ਦੇਕੇਸਾਂ ਵੇਲੇ ਕਿਸਾਨਾਂ ਦਾ ਵਿੱਤੀ ਬੋਝ ਘਟਾਉਣ ਲਈ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਕੇਂਦਰੀ ਕਾਨੂੰਨੀ ਸੇਵਾ ਅਥਾਰਟੀਜ਼ ਐਕਟ-1987 ਵਿਚ ਸਮਾਜ ਦੇ ਕੁਝ ਖਾਸ ਕਮਜ਼ੋਰ ਵਰਗਾਂ ਦੇ ਲੋਕਾਂਲਈ ਮੁਫ਼ਤ ਕਾਨੂੰਨੀ ਮਦਦ ਦੇਣ ਦਾ ਪ੍ਰਬੰਧ ਹੈ ਤੇ ਕਿਸਾਨਇਨ੍ਹਾਂ ਵਿੱਚੋਂ ਇਕ ਵਰਗ ਹੈ, ਜਿਸ ਨੂੰ ਕਈ ਵਾਰ ਵਿੱਤੀ ਮੁਸ਼ਕਲਾਂ ਕਰਕੇ ਖੁਦਕੁਸ਼ੀਆਂ ਕਰਨ ਨੂੰ ਮਜਬੂਰ ਹੋਣਾ ਪੈਂਦਾ ਹੈ।ਮੁੱਖ ਮੰਤਰੀ ਨੇ ਕਿਹਾ ਕਿ ਇਸ ਲਈ ਲੋੜ ਹੈ ਕਿ ਕਾਨੂੰਨੀ ਸੇਵਾ ਅਥਾਰਟੀਜ਼ ਐਕਟ ਵਿਚਸੋਧ ਕਰ ਕੇ ਇਸ ਵਿਚ ਕਿਸਾਨਾਂ ਅਤੇ ਖੇਤੀ ਕਾਮਿਆਂ ਨੂੰ ਵੀ ਸ਼ਾਮਲ ਕੀਤਾ ਜਾਵੇ ਤਾਂ ਜੋ ਉਹ ਵੀ ਮੁਫ਼ਤ ਕਾਨੂੰਨੀ ਸੇਵਾ ਲੈਣ ਦੇ ਹੱਕਦ-ਾਰ ਬਣ ਕੇ ਆਪਣੀ ਰੋਜੀ-ਰੋਟੀ ਬਚਾਉਣ ਲਈ ਅਦਾਲਤਾਂ ਵਿਚ ਚਾਰਾਜੋਈ ਕਰ ਸਕਣ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd. #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

NEED A LAWYER ??
KAUR LAW OFFICE
Red Seal NOTARY
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
● ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
● ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
● ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
● ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਓ ਬੀ ਸੀ ਰਾਖਵਾਂਕਰਨ ਸੋਧ ਬਿੱਲ ਰਾਜ ਸਭਾ ਵਿੱਚ ਵੀ ਪਾਸ, ਵਿਰੋਧੀ ਧਿਰ ਵੀ ਸਹਿਯੋਗੀ ਬਣੀ

ਨਵੀਂ ਦਿੱਲੀ, 11 ਅਗਸਤ, (ਪੋਸਟ ਬਿਊਰੋ)- ਭਾਰਤ ਦੀ ਪਾਰਲੀਮੈਂਟ ਦੇ ਉੱਪਰਲੇ ਹਾਊਸ ਨੇ ਰਾਜ ਸਭਾ ਵਿੱਚ ਅੱਜ ਬੁੱਧਵਾਰ ਨੂੰ ਓ ਬੀ ਸੀ (ਅਦਰ ਬੈਕਵਰਡ ਕਲਾਸਿਜ਼) ਦੇ ਪੱਖ ਵਿੱਚ ਸੰਵਿਧਾਨ ਸੋਧ ਬਿੱਲ ਉੱਤੇ ਚਰਚਾ ਕੀਤੀ ਤੇ ਲੰਬੀ ਬਹਿਸ ਤੋਂ ਬਾਅਦ ਇਸਉੱਤੇ ਵੋਟਿੰਗ ਪਿੱਛੋਂ ਪਾਸ ਕਰ ਦਿੱਤਾ ਹੈ। ਕੁਝ ਪਾਰਲੀਮੈਂਟ ਮੈਂਬਰਾਂ ਨੇ ਇਸ ਮੌਕੇ ਕੁਝ ਸੋਧਾਂ ਵੀ ਪੇਸ਼ ਕੀਤੀਆਂ, ਪਰ ਇਹ ਸੋਧਾਂ ਰੱਦ ਹੋ ਗਈਆਂ ਤੇ ਇਸ ਪਿੱਛੋਂਓ ਬੀ ਸੀ ਰਾਖਵਾਂਕਰਨ ਨਾਲ ਜੁੜਿਆ ਬਿੱਲਰਾਜ ਸਭਾ ਵਿੱਚ ਪਾਸ ਹੋ ਗਿਆ। ਇਸ ਦੇ ਪੱਖ ਵਿੱਚ ਕੁੱਲ 242 ਵਿੱਚੋਂ 187 ਵੋਟਾਂ ਪਈਆਂ। ਲੋਕ ਸਭਾ ਤੋਂ ਇਹ ਬਿੱਲਇੱਕ ਦਿਨ ਪਹਿਲਾਂ ਪਾਸ ਹੋ ਗਿਆ ਸੀ ਅਤੇ ਅੱਗੋਂ ਇਹ ਮਨਜ਼ੂਰੀ ਲਈ ਰਾਸ਼ਟਰਪਤੀ ਕੋਲ ਜਾਵੇਗਾ।

ਅੱਜ ਬੁੱਧਵਾਰ ਨੂੰ ਸਮਾਜਿਕ ਨਿਆਂ ਅਤੇ ਅਧਿਕਾਰਤਾ ਬਾਰੇਕੇਂਦਰੀ ਮੰਤਰੀ ਵੀਰੇਂਦਰ ਕੁਮਾਰ ਨੇ ਇਸ ਬਿੱਲਨੂੰ ਹਾਊਸ ਵਿੱਚਪੇਸ਼ ਕਰ



ਕੇ ਚਰਚਾ ਆਰੰਭ ਕਰਦਿਆਂ ਕਿਹਾ ਕਿ ਇਹ ਸੋਧ ਬਿੱਲ ਰਾਜਾਂ ਨੂੰ ਓ ਬੀ ਸੀਲਿਸਟ ਆਪਣੇ ਤੌਰ ਉੱਤੇ ਬਣਾਉਣ ਦਾ ਹੱਕ ਦੇਵੇਗਾ ਅਤੇ ਜੇ ਕੋਈ ਰਾਜ ਇਹ ਲਿਸਟ ਖਤਮ ਕਰਦੇਵੇ ਤਾਂ ਲੱਗਭਗ 631 ਜਾਤਾਂ ਨੂੰ ਓਥੋਂ ਦੇ ਵਿੱਦਿਅਕ ਸੰਸਥਾਵਾਂ ਦੇ ਦਾਖਲੇ ਤੇ ਨਿਯੁਕਤੀ ਦਾ ਰਾਖਵਾਂਕਰਨ ਨਹੀਂ ਮਿਲੇਗਾ।ਚਰਚਾ ਵਿੱਚ ਸਭ ਤੋਂ ਪਹਿਲਾਂ ਕਾਂਗਰਸ ਵੱਲੋਂ ਸੀਨੀਅਰ ਆਗੂ ਅਭਿਸ਼ੇਕ ਮਨੂ ਸਿੰਘਵੀ ਬੋਲੇ ਤੇ ਕਿਹਾ ਕਿ ਇਹ ਸੋਧ ਲਿਆ ਕੇ ਸਰਕਾਰ ਆਪਣੀ ਪੁਰਾਣੀ ਗਲਤੀ ਸੁਧਾਰ ਰਹੀ ਹੈ, ਪਰ ਦੂਸਰੀ ਗ਼ਲਤੀ ਉੱਤੇ ਇਸਵਿੱਚ ਕੁਝ ਨਹੀਂ ਕਿਹਾ ਤੇ50 ਫੀਸਦੀ ਰਾਖਵਾਂਕਰਨ ਹੱਦਬਾਰੇ ਬਿੱਲਵੀਕੁਝ ਨਹੀਂ ਕਿਹਾ। ਉਨ੍ਹਾ ਕਿਹਾ ਕਿ ਇਹ ਸੋਧ ਲਿਆ ਕੇ ਇਕ ਗਲਤੀ ਠੀਕ ਹੋ ਗਈ, ਪਰ ਇਹ ਠੀਕ ਕਰਨ ਦਾ ਲਾਭ ਕੀ ਹੋਵੇਗਾ, ਇਸ ਸੰਵਿਧਾਨ ਸੋਧ ਵਿੱਚ 50 ਫੀਸਦੀ ਰਾਖਵਾਂਕਰਨ ਬਾਰੇ ਇਕ ਸ਼ਬਦ ਵੀ ਨਹੀਂ ਕਿਹਾ ਗਿਆ।

# ਤਾਲਿਬਾਨ ਤੇਜ਼ੀ ਨਾਲ ਕਾਬੁਲ ਵੱਲ ਨੂੰ ਵਧਣ ਲੱਗੇ, ਅੱਠਵੀਂ ਸੂਬਾਈ ਰਾਜਧਾਨੀ ਉੱਤੇ ਵੀ ਕਬਜ਼ਾ

## * ਕਾਰਜਕਾਰੀ ਵਿੱਤ ਮੰਤਰੀ ਤਾਲਿਬਾਨ ਤੋਂ ਡਰਦਾ ਕਾਬੁਲ ਤੋਂ ਭੱਜਿਆ

ਕਾਬੁਲ, 11 ਅਗਸਤ, (ਪੋਸਟ ਬਿਊਰੋ)-ਅਫ਼ਗਾਨਿਸਤਾਨ ਉੱਤੇ ਤਾਲਿਬਾਨ ਤੇਜ਼ੀ ਨਾਲ ਇਸ ਜੰਗ ਦੇ ਮਾਰੇ ਹੋਏ ਦੇਸ਼ ਦੀ ਰਾਜਧਾਨੀ ਕਾਬੁਲ ਵੱਲ ਵਧ ਰਹੇ ਹਨ। ਅੱਜ ਬੁੱਧਵਾਰ ਉਨ੍ਹਾ ਨੇ ਛੇ ਦਿਨਾਂ ਵਿੱਚ ਅੱਠਵੇਂ ਸੂਬੇ ਦੀ ਰਾਜਧਾਨੀ ਉੱਤੇਵੀ ਕਬਜ਼ਾ ਕਰ ਲਿਆ ਹੈ।ਇਸ ਦੇ ਬਾਅਦਤਾਲਿਬਾਨ ਨੇ ਪੁਲ ਏ ਖੁਮਰੀ ਅਤੇ ਫੈਜ਼ਾਬਾਦ ਨੂੰਵੀ ਕੰਟਰੋਲ ਵਿੱਚ ਲੈ ਲਿਆ ਹੈ। ਪੁਲ ਏ ਖੁਮਰੀ ਦੇਸ਼ ਦੀ ਰਾਜਧਾਨੀ ਕਾਬੁਲ ਤੋਂ ਸਵਾ ਦੋ ਸੌ ਕਿਲੋਮੀਟਰ ਦੂਰ ਹੈ।

ਪਤਾ ਲੱਗਾ ਹੈ ਕਿ ਤਾਲਿਬਾਨ ਨੇ ਛੇ ਸੂਬਾਈ ਰਾਜਧਾਨੀਆਂਤੋਂ ਬਾਅਦ ਬੀਤੇ 24 ਘੰਟਿਆਂ ਵਿੱਚ ਬਗਲਾਨ ਸੂਬੇ ਦੀ ਰਾਜਧਾਨੀ ਪੁਲ ਏ ਖੁਮਰੀ ਉੱਤੇ ਕਬਜ਼ਾ ਕਰਨ ਪਿੱਛੋਂ ਬਦਖਸ਼ਾਨ ਰਾਜ ਦੀ ਰਾਜਧਾਨੀ ਫੈਜ਼ਾਬਾਦ ਵੀ ਸੰਭਾਲ ਲਈ ਹੈ। ਬਦਖਸ਼ਾਨ ਰਾਜ ਦੀ ਸਰਹੱਦ ਰੂਸ ਦੀ ਹਮਾਇਤ ਵਾਲੇ ਦੇਸ਼ ਤਾਜਿਕਸਤਾਨ ਦੇ ਇਲਾਵਾ ਪਾਕਿਸਤਾਨ ਅਤੇ ਚੀਨ ਨਾਲ ਵੀ ਲੱਗਦੀ ਹੈ। ਪੁਲ ਏ ਖੁਮਰੀ ਉੱਤੇਤਾਲਿਬਾਨ ਦੇ ਕਬਜ਼ੇ ਨਾਲਅਫ਼ਗਾਨ ਸਰਕਾਰ ਦੀ ਚਿੰਤਾ ਵਧ ਗਈ ਅਤੇ ਇਸ ਸ਼ਹਿਰ ਉੱਤੇ ਕਬਜ਼ੇ ਤੋਂ ਬਾਅਦ ਕਾਬੁਲ ਜਾਣ ਵਾਲੇ ਹਾਈਵੇ ਉੱਤੇ ਵੀ ਤਾਲਿਬਾਨ ਦਾ ਕਬਜ਼ਾ ਹੋ ਗਿਆ ਹੈ। ਇਸ ਦੇ ਬਾਅਦ ਅੱਜ ਤਾਲਿਬਾਨ ਨੇ ਰਾਜਧਾਨੀ ਕਾਬੁਲ ਦੇ ਉੱਤਰ ਵੱਲ ਉਨ੍ਹਾਂ ਥਾਂਵਾਂ ਉੱਤੇ ਕਬਜ਼ਾ ਕਰ ਲਿਆ ਹੈ, ਜਿੱਥੋਂ ਕਾਬੁਲ ਨੂੰ ਬਿਜਲੀ ਦੀ ਸਪਲਾਈ ਕੀਤੀ ਜਾਂਦੀ ਹੈ।ਦੂਸਰੇ ਪਾਸੇ ਕੰਧਾਰ ਵਿੱਚ ਜ਼ਬਰਦਸਤ ਟੱਕਰ ਚੱਲ ਰਹੀ ਹੈ।ਏਥੇ ਹਵਾਈ ਹਮਲੇ ਵਿੱਚ 10 ਅੱਤਵਾਦੀ ਮਾਰੇ ਗਏ ਜਾਣ ਪਿੱਛੋਂ ਇਸ ਤੋਂ 30



ਹਜ਼ਾਰ ਪਰਿਵਾਰ ਹਿਜਰਤ ਕਰ ਗਏ ਹਨ। ਬਲਖ ਸੂਬੇ ਦੇ ਮਜ਼ਾਰ-ਏ-ਸ਼ਰੀਫ ਨੂੰ ਵੀ ਤਾਲਿਬਾਨ ਦੇ ਚਾਰੇ ਪਾਸਿਉਂ ਘੇਰ ਲੈਣ ਪਿੱਛੋਂਏਥੇ ਪੁੱਜੇ ਅਫ਼ਗਾਨਿਸਤਾਨ ਦੇ ਰਾਸ਼ਟਰਪਤੀ ਅਸ਼ਰਫ ਗਨੀ ਨੇ ਸੁਰੱਖਿਆ ਬਾਰੇ ਇੱਕ ਬੈਠਕ ਕੀਤੀ, ਜਿਸ ਵਿਚ ਬਲਖ ਦੇ ਗਵਰਨਰ ਤੇ ਅਧਿਕਾਰੀ ਸ਼ਾਮਲ ਸਨ।

ਇੱਕ ਖਬਰ ਏਜੰਸੀ ਦੇ ਮੁਤਾ-ਬਕ ਅਫ਼ਗਾਨਿਸਤਾਨ ਦੇ ਕਾਰਜਕਾਰੀ ਵਿੱਤ ਮੰਤਰੀ ਖਾਲਿਦ ਪਾਇੰਦਾ ਨੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਅਫ਼ਗਾਨਿਸਤਾਨ ਤੋਂ ਖਿਸਕ ਗਿਆ ਹੈ ਅਤੇ ਉਸ ਦੇ ਵਾਪਸ ਆਉਣ ਦੀ ਕੋਈ ਆਸ ਨਹੀਂ ਹੈ। ਮੰਨਿਆ ਜਾ ਰਿਹਾ ਹੈ ਕਿ ਉਹ ਤਾਲਿਬਾਨ ਦੇ ਡਰ ਕਾਰਨ ਅਸਤੀਫ਼ਾ ਦੇ ਕੇ ਭੱਜਾ ਹੈ।

# ਹਿਮਾਚਲ ਵਿੱਚ ਢਿੱਗਾਂ ਡਿੱਗਣ ਨਾਲ ਕਈ ਵਾਹਨ ਲਪੇਟੇ ਗਏ, 10 ਤੋਂ ਵੱਧ ਮੌਤਾਂ

## * ਹਾਲੇ ਕਈ ਲੋਕਾਂ ਦੇ ਦੱਬੇ ਹੋਣ ਦਾ ਖਦਸ਼ਾ



ਸ਼ਿਮਲਾ, 11 ਅਗਸਤ, (ਪੋਸਟ ਬਿਊਰੋ)-ਹਿਮਾਚਲ ਪ੍ਰਦੇਸ਼ ਦੇ ਕਿੰਨੌਰ ਜ਼ਿਲੇ ਵਿੱਚ ਅੱਜ ਬੁੱਧਵਾਰ ਨੂੰ ਪਹਾੜ ਖਿਸਕਣ ਨਾਲ 80 ਤੋਂ ਵੱਧ ਲੋਕਾਂ ਦੇ ਉਸ ਦੀ ਲਪੇਟ ਵਿਚ ਆਉਣ ਦਾ ਸ਼ੱਕ ਹੈ। ਹਿਮਾਚਲ ਪ੍ਰਦੇਸ਼ ਰੋਡ ਟਰਾਂਸਪੋਰਟਕਾਰਪੋਰੇਸ਼ਨ ਦੀ ਇੱਕ ਬੱਸ ਸਮੇਤ ਕਈ ਵਾਹਨ ਢਿੱਗਾਂ ਦੇ ਮਲਬੇ ਵਿੱਚ ਦੱਬ ਗਏ ਹਨ।

ਮਿਲੀ ਜਾਣਕਾਰੀ ਮੁਤਾਬਕ ਤਿੰਨ ਕਾਰਾਂ ਤੇ ਇਕ ਟਰੱਕ ਵੀ ਮਲਬੇ ਵਿੱਚ ਦੱਬੇ ਗਏ ਹਨ। ਸਰਕਾਰੀ ਵਿਭਾਗ ਦੀ ਬੱਸ ਕਿੰਨੌਰ ਦੇ ਮੂਰੰਗ ਤੋਂ ਹਰਿਦੁਆਰ ਜਾ ਰਹੀ ਸੀ, ਜਿਸ ਵਿੱਚ 32 ਲੋਕ ਸਨ। ਡਰਾਈਵਰ ਤੇ ਕੰਡਕਟਰ ਛਾਲਾਂ ਮਾਰ ਕੇ ਆਪਣੀਆਂ ਜਾਨ ਬਚਾ ਗਏ, ਪਰ ਬਾਕੀ ਸਵਾਰੀਆਂ ਵਿੱਚੋਂ ਕਈਆਂ ਦਾ ਪਤਾ ਨਹੀਂ ਲੱਗ ਰਿਹਾ। ਗੈਰ ਸਰਕਾਰੀ ਸੂਤਰਾਂ ਮੁਤਾਬਕ ਇਸ ਦੌਰਾਨ ਦਸ ਤੋਂ ਵੱਧ ਲੋਕਾਂ ਦੀ ਮੌਤ ਦੀ ਪੁਸ਼ਟੀ ਹੋ ਚੁੱਕੀ ਹੈ।

ਅੱਜ ਬੁੱਧਵਾਰ ਨੂੰ ਹਿਮਾਚਲ ਪ੍ਰਦੇਸ਼ ਦੇ ਕਿੰਨੌਰ ਜ਼ਿਲੇ ਦੇ ਨਿਗੁਲਸੇਰੀ ਦੇ ਕਰੀਬਨੈਸ਼ਨਲ ਹਾਈਵੇ-5 ਉੱਤੇ ਚੀਲ ਜੰਗਲ ਦੇ ਨੇੜੇ ਚਟਾਨਾਂ ਖਿਸਕਣ ਨਾਲ ਇਹ ਵੱਡਾ ਹਾਦਸਾ ਵਾਪਰਿਆ ਹੈ। ਦੱਸਿਆ ਗਿਆ ਹੈ ਕਿ ਐਚਆਰਟੀਸੀ ਦੀ ਬੱਸ ਮਲਬੇ ਵਿੱਚ ਦੱਬ ਗਈ ਅਤੇ ਚੱਟਾਨਾਂ ਡਿੱਗਣ ਨਾਲ ਕਈ ਵਾਹਨ ਮਲਬੇ ਹੇਠ ਦੱਬੇ ਗਏ।ਇਸ ਦੇ ਬਾਅਦ ਪ੍ਰਸ਼ਾਸਨ ਅਤੇ ਪੁਲਿਸ ਦੇ ਨਾਲ ਨੈਸ਼ਨਲ ਡਿਜ਼ਾਸਟਰ ਰਿਲੀਫ ਫੋਰਸ ਅਤੇ ਫੌਜ ਨੂੰ ਵੀ ਬੁਲਾਇਆ ਗਿਆ ਹੈ।


# ਪੰਜਾਬ ਵਿੱਚ ਅਣ-ਅਧਿਕਾਰਤ ਕਾਲੋਨੀਆਂ ਦੀਆਂ ਰਜਿਸਟਰੀਆਂ ਉੱਤੇ ਹਾਈ ਕੋਰਟ ਵੱਲੋਂ ਰੋਕ

ਮੋਗਾ, 11 ਅਗਸਤ (ਪੋਸਟ ਬਿਊਰੋ)- ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸੂਬੇ ਵਿੱਚ ਅਣ-ਅਧਿਕਾਰਤ ਕਾਲੋਨੀਆਂ ਦੀਆਂ ਰਜਿਸਟਰੀਆਂ ਉੱਤੇਇੱਕ ਅਰਜ਼ੀ ਦੀ ਸੁਣਵਾਈ ਦੌਰਾਨ ਰੋਕ ਲਾ ਦਿੱਤੀ ਹੈ। ਹਾਈ ਕੋਰਟ ਦੇ ਇਸ ਹੁਕਮ ਦੇ ਬਾਅਦ ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ ਐਕਟ ਮੁਤਾਬਕ ਸਾਲ 1995 ਤੋਂ ਬਾਅਦ ਖਰੀਦੇ ਕਿਸੇ ਪਲਾਟ, ਮਕਾਨ ਆਦਿ ਦੀ ਰਜਿਸਟਰੀ ਨਗਰ ਨਿਗਮ, ਨਗਰ ਕੌਂਸਲ, ਨਗਰ ਪੰਚਾਇਤ ਜਾਂ ਪੁੱਡਾ ਤੋਂ ਇਤਰਾਜ਼ਹੀਣਤਾ ਸਰਟੀਫਿਕੇਟ (ਐਨ ਓ ਸੀ) ਹਾਸਲ ਕੀਤੇ ਬਿਨਾਂ ਨਹੀਂ ਹੋ ਸਕੇਗੀ। ਕਾਰਜਕਾਰੀ ਜ਼ਿਲ੍ਹਾ ਮਾਲ ਅਫਸਰ-ਕਮ ਤਸੀਲਦਾਰ ਪਵਨ ਗੁਲਾਟੀ, ਸਬ ਰਜਿਸਟਰਾਰ ਕਰਣ ਗੁਪਤਾ ਅਤੇ ਨਾਇਬ ਤਸੀਲਦਾਰ ਮਨਿੰਦਰ ਸਿੰਘ ਨੇ ਦੱਸਿਆ ਕਿ ਹਾਈ ਕੋਰਟ ਦੇ ਹੁਕਮਾਂ ਦੀ ਪਾਲਣਾ ਹੇਠ ਅਜਿਹੀਆਂ ਰਜਿਸਟਰੀਆਂ ਰੋਕ ਦਿੱਤੀਆਂ ਗਈਆਂ ਹਨ ਅਤੇ ਸਾਰੇ ਅਰਜ਼ੀ ਨਵੀਸਾਂ ਨੂੰ ਅਣ-ਅਧਿਕਾਰਤ ਕਾਲੋਨੀਆਂ ਦੀਆਂ ਰਜਿਸਟਰੀਆਂ ਤੋਂ ਲਿਖਤੀ ਰੂਪ ਵਿੱਚ ਰੋਕ ਦਿੱਤਾ ਗਿਆ ਹੈ। ਨਗਰ ਨਿਗਮ ਕਮਿਸ਼ਨਰ ਸੁਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਹਾਈ ਕੋਰਟ ਦੇ ਹੁਕਮ ਬਾਰੇ ਪਤਾ ਲੱਗਾ ਹੈ। ਸਰਕਾਰ ਵੱਲੋਂ ਬਣਾਏ ਨਿਯਮ ਤੇ ਜਾਰੀ ਹਦਾਇਤਾਂ ਮੁਤਾਬਕ ਅਣ-ਅਧਿਕਾਰਤ ਕਾਲੋਨੀ, ਪਲਾਟ ਨਿਯਮਤ ਹੋਵੇਗਾ।


ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
ਜਨ ਤੰਤਰ: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224


# ਨਵਜੋਤ ਸਿੱਧੂ ਨੇ ਆਪਣੀ ਨਵੀਂ ਟੀਮ ਲਈ ਚਾਰ ਸਲਾਹਕਾਰ ਐਲਾਨੇ

ਚੰਡੀਗੜ੍ਹ, 11 ਅਗਸਤ, (ਪੋਸਟ ਬਿਊਰੋ)-ਪੰਜਾਬ ਕਾਂਗਰਸ ਦਾ ਪ੍ਰਧਾਨ ਬਣਨ ਪਿੱਛੋਂ ਸਰਗਰਮ ਹੋਏ ਨਵਜੋਤ ਸਿੱਧੂ ਨੇ ਅੱਜ ਆਪਣੀ ਨਵੀਂ ਟੀਮ ਐਲਾਨ ਕੀਤੀ ਹੈ, ਜਿਹੜੀ ਉਨ੍ਹਾਂ ਦੇ ਸਲਾਹਕਾਰ ਵਜੋਂ ਕੰਮ ਕਰੇਗੀ। ਇਸ ਵਿਚ ਫਤਿਹਗੜ੍ਹ ਸਾਹਿਬ ਤੋਂ ਕਾਂਗਰਸ ਪਾਰਲੀਮੈਂਟਮੈਂਬਰ ਡਾ. ਅਮਰ ਸਿੰਘ, ਪੰਜਾਬ ਪੁਲਸ ਦੇ ਸਾਬਕਾ ਡੀ ਜੀ ਪੀ ਮੁਹੰਮਦ ਮੁਸਤਫ਼ਾ, ਸਾਬਕਾ ਰਜਿਸਟਰਾਰ ਫਰੀਦਕੋਟ ਮਾਲਵਿੰਦਰ ਸਿੰਘ ਮਾਲੀ ਅਤੇ ਉੱਘੀ ਸ਼ਖ਼ਸੀਅਤ ਡਾ. ਪਿਆਰੇ ਲਾਲ ਗਰਗ ਨੂੰ ਸ਼ਾਮਲ



ਕੀਤਾ ਗਿਆ ਹੈ। ਇਸ ਅਚਾਨਕ ਆਏ ਐਲਾਨ ਤੋਂ ਕਈ ਧਿਰਾਂ ਹੈਰਾਨ ਹਨ। ਨਵਜੋਤ ਸਿੰਘ ਸਿੱਧੂ ਨੇ ਇਸ ਫੈਸਲੇ ਦੀ ਜਾਣਕਾਰੀ ਖੁਦ ਸੋਸ਼ਲ ਮੀਡੀਆ ਉੱਤੇ ਦਿੱਤੀ ਅਤੇ ਕਿਹਾ ਹੈ ਕਿ ਪੰਜਾਬ ਕਾਂਗਰਸ ਦਾ ਪ੍ਰਧਾਨ ਹੁੰਦਿਆਂ ਮੈਂ ਵਿਦ-ਵਤਾ ਭਰਪੂਰ ਸਲਾਹ-ਮਸ਼ਵਰੇ ਲਈ ਚਾਰ ਸਲਾਹਕਾਰ ਨਿਯੁਕਤ ਕਰਦਾ ਹਾਂ। ਡਾ. ਅਮਰ ਸਿੰਘ (ਮੈਂਬਰ ਲੋਕ ਸਭਾ), ਮੁਹੰਮਦ ਮੁਸਤਫ਼ਾ (ਸਾਬਕਾ ਡੀ ਜੀ ਪੀ), ਮਾਲਵਿੰਦਰ ਸਿੰਘ ਮਾਲੀ ਤੇ ਡਾ. ਪਿਆਰੇ ਲਾਲ ਗਰਗ ਮੇਰੇ ਸਲਾਹਕਾਰ ਹੋਣਗੇ।ਇਸ ਮੌਕੇ ਸਿੱਧੂ ਨੇ ਕਿਹਾ ਕਿ ਹਰ ਪੰਜਾਬੀ ਦੇ ਸੁਨਹਿਰੀ ਭਵਿੱਖ ਦੀ ਉਸਾਰੀ ਦੇ ਕੰਮਾਂ ਸੰਬੰਧੀ ਇਨ੍ਹਾਂ ਚਾਰਾਂ ਦੇ ਨਜ਼ਰੀਏ ਤੇ ਕੰਮ ਕਰਕੇ ਮੈਂ ਨਿੱਜੀ ਤੌਰ ਉੱਤੇ ਇਨ੍ਹਾਂ ਦਾ ਸਤਿਕਾਰ ਕਰਦਾ ਹਾਂ। ਏਥੇ ਖਾਸ ਤੌਰ ਉੱਤੇ ਜ਼ਿਕਰ ਯੋਗ ਹੈ ਕਿ ਕਾਂਗਰਸ ਹਾਈਕਮਾਨ ਨੇ ਨਵਜੋਤਸਿੰਘ ਸਿੱਧੂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਉਣ ਵੇਲੇ ਉਸ ਨਾਲ ਚਾਰ ਹੋਰ ਕਾਰਜਕਾਰੀ ਪ੍ਰਧਾਨ ਸੰਗਤ ਸਿੰਘ ਗਿਲਜੀਆਂ, ਸੁਖਵਿੰਦਰ ਸਿੰਘ ਡੈਨੀ, ਪਵਨ ਗੋਇਲ ਅਤੇ ਕੁਲਜੀਤ ਸਿੰਘ ਨਾਗਰਾ ਬਣਾਏ ਸਨ।ਅੱਜ ਜਦੋਂ ਨਵਜੋਤ ਸਿੱਧੂ ਨੇ ਅੱਗੋਂ ਚਾਰ ਸਲਾਹਕਾਰ ਵੀ ਨਿਯੁਕਤ ਕਰ ਦਿੱਤੇ ਹਨ ਤਾਂ ਇਸ ਨੇ ਸਿਆਸੀ ਹਲਕਿਆਂ ਵਿਚ ਨਵੀਂ ਚਰਚਾ ਛੇੜ ਦਿੱਤੀ ਹੈ।

# ਹਰੀਸ਼ ਰਾਵਤ ਨੇ ਕਿਹੈ: ਮੁੱਖ ਮੰਤਰੀ ਵੱਲੋਂ 18 ਨੁਕਾਤੀ ਏਜੰਡੇ ਉੱਤੇ ਕੀਤੀ ਗਈ ਕਾਰਵਾਈ ਤੋਂ ਸੋਨੀਆ ਗਾਂਧੀ ਸੰਤੁਸ਼ਟ

ਚੰਡੀਗੜ੍ਹ, 11 ਅਗਸਤ, (ਪੋਸਟ ਬਿਊਰੋ)-ਕਾਂਗਰਸ ਪਾਰਟੀ ਦੇ ਰਾਸ਼ਟਰੀ ਜਨਰਲ ਸੈਕਟਰੀ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਨੇ ਅੱਜ ਏਥੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੱਲ੍ਹ ਕਾਂਗਰਸ ਦੀ ਕਾਰਜਕਾਰੀ ਪ੍ਰਧਾਨ ਸੋਨੀਆ ਗਾਂਧੀ ਨਾਲ ਬੈਠਕ ਕਰ ਕੇ ਜਦੋਂ ਪੰਜਾਬ ਸਰਕਾਰ ਵੱਲੋਂ 18 ਨੁਕਾਤੀ ਏਜੰਡੇ ਉੱਤੇਕੀਤੇ ਗਏ ਕੰਮਾਂ ਬਾਰੇ ਦੱਸਿਆ ਤਾਂ ਉਸ ਦੇ ਬਾਅਦ ਸੋਨੀਆ ਗਾਂਧੀ ਇਸ ਕੰਮ ਤੋਂ ਸੰਤੁਸ਼ਟ ਹੈ।

ਉੱਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਹਰੀਸ਼ ਰਾਵਤ, ਜਿਹੜੇ ਕੈਪਟਨ ਅਮਰਿੰਦਰ ਸਿੰਘ ਅਤੇ ਸੋਨੀਆ ਗਾਂਧੀ



ਦੀ ਇਸ ਬੈਠਕ ਵਿਚ ਮੌਜੂਦ ਸਨ, ਦੇ ਮੁਤਾਬਕ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਾਂਗਰਸ ਪ੍ਰਧਾਨ ਨੂੰ ਦੱਸਿਆ ਕਿ ਪੰਜਾਬ ਸਰਕਾਰ ਨੇ ਬਿਜਲੀ ਸਮਝੌਤੇ ਅਤੇ ਬੱਸ ਪਰਮਿਟ ਰੱਦ ਕਰਨ ਲਈ ਕਦਮ ਵਧਾਏ ਹਨ ਅਤੇ ਧਾਰਮਿਕ ਗ੍ਰੰਥਾਂ, ਖਾਸ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸਾਂ ਵਿੱਚ ਸਰਕਾਰ ਵੱਲੋਂ ਸਖ਼ਤੀ ਵਰਤਣ ਦੀ ਗੱਲ ਕਹੀ ਹੈ। ਇਸੇ ਤਰ੍ਹਾਂ ਡਰੱਗਜ਼ ਦੇ ਕੇਸਾਂ ਵਿੱਚ ਵੱਡੀਆਂ ਮੱਛੀਆਂਨੂੰ ਹੱਥ ਪਾਉਣ ਲਈ ਕਾਰਵਾਈ ਚੱਲ ਰਹੀ ਹੈ।ਉਨ੍ਹਾਂ ਤੋਂ ਜਦੋਂ ਇਹ ਪੁੱਛਿਆ ਗਿਆ ਕਿ ਨਵਜੋਤ ਸਿੰਘ ਸਿੱਧੂ ਆਪਣੀ ਹੀ ਸਰਕਾਰ ਉੱਤੇ ਹਮਲੇ ਕਿਉਂਕਰ ਰਹੇ ਹਨ ਤਾਂ ਹਰੀਸ਼ ਰਾਵਤ ਨੇ ਕਿਹਾ ਕਿ ਸੋਨੀਆ ਗਾਂਧੀ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਸਰਕਾਰ ਅਤੇ ਪਾਰਟੀ ਸੰਗਠਨ ਨੂੰ ਆਪਣੀਆਂ ਹੱਦਾਂ ਵਿੱਚ ਰਹਿ ਕੇ ਕੰਮ ਕਰਨਾ ਚਾਹੀਦਾ ਹੈਤੇ ਇਸ ਬਾਰੇ ਉਨ੍ਹਾਂ ਨੂੰ ਦੋਵੇਂ ਪਾਸੇ ਨਜ਼ਰ ਰੱਖਣ ਦੇ ਹੁਕਮ ਦਿੱਤੇ ਹਨ।ਰਾਵਤ ਨੇ ਕਿਹਾ ਕਿ ਉਹ ਜਲਦੀ ਹੀ ਇਨ੍ਹਾਂ ਗੱਲਾਂ ਬਾਰੇ ਸਬੰਧਤ ਧਿਰਾਂ ਨਾਲ ਗੱਲ ਕਰਨਗੇ।

# ਰੌਂਗ ਸਾਈਡ ਕਾਰ ਵੱਲੋਂ ਸਕੂਟੀ ਨੂੰ ਟੱਕਰ, ਭਰਾ-ਭੈਣ ਤੇ ਭਾਣਜੀ ਦੀ ਮੌਤ

ਫਤਿਹਗੜ੍ਹ ਸਾਹਿਬ, 11 ਅਗਸਤ (ਪੋਸਟ ਬਿਊਰੋ)- ਸਰਹਿੰਦ ਦੇ ਭੈਰੋਪੁਰ ਬਾਈਪਾਸ ਉੱਤੇਪਰਸੋਂ ਰਾਤ ਇੱਕ ਕਾਰ ਤੇ ਸਕੂਟੀ ਵਿੱਚ ਟੱਕਰ ਕਾਰਨ ਭਰਾ-ਭੈਣ ਅਤੇ ਭਾਣਜੀ ਦੀ ਮੌਤ ਹੋ ਗਈ। ਮ੍ਰਿਤਕਾਂ ਵਿੱਚ ਸੰਦੀਪ ਖੰਨਾ ਵਾਸੀ ਮਨੀਮਾਜਰਾ (ਚੰਡੀਗੜ੍ਹ), ਸੰਦੀਪ ਦੀ ਭੈਣ ਰਾਖੀ ਵਾਸੀ ਨਯਾ ਗਾਂਵ ਮੋਹਾਲੀ ਅਤੇ ਰਾਖੀ ਦੀ ਸੱਤ ਸਾਲ ਦੀ ਬੇਟੀ ਸਨਾਇਆ ਸ਼ਾਮਲ ਸਨ। ਥਾਣਾ ਫਤਿਹਗੜ੍ਹ ਸਾਹਿਬ ਦੇ ਇੰਚਾਰਜ ਮਹਿਮਾ ਸਿੰਘ ਨੇ ਦੱਸਿਆ ਕਿ ਪੁਲਸ ਨੇ ਕਾਰ ਕਬਜ਼ੇ ਵਿੱਚ ਲੈ ਕੇ ਚਾਲਕ ਵਿਸ਼ਵਾਸ ਕੋਹਲੀ ਵਾਸੀ ਮੰਡੀ ਗੋਬਿੰਦਗੜ੍ਹ ਨੂੰ ਹਿਰਾ-ਸਤ ਵਿੱਚ ਲੈ ਲਿਆ ਹੈ।

ਇਸ ਕੇਸ ਦੇ ਜਾਂਚ ਅਧਿਕਾਰੀ ਏ ਐਸ ਆਈ ਦਰਸ਼ਨ ਸਿੰਘ ਨੇ ਦੱਸਿਆ ਕਿ ਇੱਕ ਕਾਰ ਚੰਡੀਗੜ੍ਹ ਤੋਂ ਆ ਰਹੀ ਸੀ। ਸੰਦੀਪ ਆਪਣੀ ਭੈਣ ਤੇ ਭਾਣਜੀ ਦੇ ਨਾਲ ਸਕੂਟੀ ਉਤੇ ਸਰਹਿੰਦ ਤੋਂ ਚੰਡੀਗੜ੍ਹ ਜਾ ਰਿਹਾ ਸੀ। ਭੈਰੋਪੁਰ ਬਾਈਪਾਸ ਰੋਡ ਉੱਤੇ ਤੇਜ਼ ਰਫਤਾਰ ਕਾਰ ਰੌਂਗ ਸਾਈਡ ਹੋ ਕੇ ਆ ਕੇ ਸਕੂਟੀ ਨਾਲ ਜਾ ਟਕਰਾਈ। ਪੁਲਸ ਤੇ ਮੌਕੇ ਉੱਤੇ ਮੌਜੂਦ ਲੋਕਾਂ ਅਨੁਸਾਰ ਹਾਦਸਾ ਇੰਨਾ ਜ਼ੋਰਦਾਰ ਸੀ ਕਿ ਸਕੂਟੀ ਉੱਤੇ ਬੈਠੀ ਔਰਤ ਬੱਚੀ ਸਮੇਤ ਉਛਲ ਕੇ ਕਾਰ ਦੇ ਬੋਨਟ ਉੱਤੇ ਜਾ ਡਿੱਗੀ। ਸੰਦੀਪ ਵੀ ਕਾਰ ਨਾਲ ਟਕਰਾ ਗਿਆ। ਤਿੰਨਾਂ ਦੀ ਮੌਕੇ ਉੱਤੇ ਮੌਤ ਹੋ ਗਈ ਸੀ।


ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ। ਸੰਪਰਕ: ਅਜੈਬ ਸਹੋਤਾ

4165618882, 4164544587

## ਬਿਊਟੀ ਟਿਪਸ

### ਬਰੀਕ ਲਕੀਰਾਂ ਮਿਟ ਸਕਦੀਆਂ ਹਨ

ਘੱਟ ਉਮਰ ਵਿੱਚ ਫਾਈਨ ਲਾਈਨਸ ਤੇ ਝੁਰਰੀਆਂ ਆਉਣਾ ਅੱਜਕੱਲ੍ਹ ਆਮ ਸਮੱਸਿਆ ਹੈ। ਇਨ੍ਹਾਂ ਨੂੰ ਕਿਵੇਂ ਦੂਰ ਰੱਖਿਆ ਜਾ ਸਕਦਾ ਹੈ, ਉਹ ਵੀ ਘਰੇਲੂ ਸਮੱਗਰੀ ਦੇ ਜ਼ਰੀਏ, ਆਓ ਜਾਣਦੇ ਹਾਂ।

ਕੌਫੀ ਸਕਰਬ

1/4 ਕਪ ਪੀਸੀ ਹੋਈ ਕੌਫੀ, ਦੋ ਵੱਡੇ ਚਮਚ ਨਾਰੀਅਲ ਦਾ ਤੇਲ, 1/4 ਕਪ ਬਰਾਊਨ ਸ਼ੂਗਰ ਅਤੇ ਅੱਧਾ ਚਮਚ ਦਾਲਚੀਨੀ ਪਾਊਡਰ ਲੈ ਕੇ ਮਿਲਾ ਲਓ। ਇਸ ਮਿਸ਼ਰਣ ਨੂੰ ਚਿਹਰੇ ਅਤੇ ਗਰਦਨ ਉੱਤੇ ਲਾ ਕੇ ਹਲਕੇ ਹੱਥਾਂ ਨਾਲ ਸਕਰਬ ਕਰੋ। ਪੰਜ ਮਿੰਟ ਤੱਕ ਸਕਰਬ ਕਰਨ ਦੇ ਬਾਅਦ ਕੋਸੇ ਪਾਣੀ ਨਾਲ ਧੋ ਲਓ। ਅਜਿਹਾ ਹਫਤੇ ਵਿੱਚ ਇੱਕ ਵਾਰ ਕਰੋ। ਕੌਫੀ ਸਕਿਨ ਨੂੰ ਮੁਲਾਇਮ ਬਣਾਉਂਦੀ ਹੈ। ਬਰਾਊਨ ਸ਼ੂਗਰ ਸਕਿਨ ਨੂੰ ਐਕਸਫਾਲੀਏਟ ਕਰਦੀ ਹੈ। ਸਕਰਬ ਦਾ ਇਸਤੇਮਾਲ ਸਕਿਨ ਨੂੰ ਢਿੱਲਾ ਹੋਣ ਤੋਂ ਬਚਾਉਂਦਾ ਹੈ।

ਸ਼ਹਿਦ-ਜ਼ਰਦੀ ਪੇਸਟ

ਦੋ ਚਮਚ ਸ਼ਹਿਦ, ਇੱਕ ਆਂਡੇ ਦਾ ਪੀਲਾ ਹਿੱਸਾ ਯਾਨੀ ਜ਼ਰਦੀ ਲਓ ਅਤੇ ਇਸ ਵਿੱਚ ਬਹੁਤ ਥੋੜ੍ਹਾ ਜਿਹਾ ਪਾਣੀ ਮਿਲਾਓ। ਚੰਗੀ ਤਰ੍ਹਾਂ ਮਿਲਾ ਕੇ ਪੇਸਟ ਤਿਆਰ ਕਰੋ ਅਤੇ ਚਿਹਰੇ ਤੇ ਗਰਦਨ ਉੱਤੇ ਲਾਓ। ਸੁੱਕ ਜਾਣ ਉੱਤੇ ਠੰਢੇ ਪਾਣੀ ਨਾਲ ਧੋ ਲਓ। ਆਂਡੇ ਅਤੇ ਸ਼ਹਿਦ ਦਾ ਇਹ ਮਾਸਕ ਸਕਿਨ ਨੂੰ ਕੱਸਿਆ ਹੋਇਆ ਰੱਖਣ ਵਿੱਚ ਮਦਦ ਕਰਦਾ ਹੈ।

ਫਰੂਟ ਫੇਸ ਮਾਸਕ

ਇੱਕ ਚਮਚ ਐਲੋਵੇਰਾ ਜ਼ੈੱਲ, ਇੱਕ ਛੋਟਾ ਟੁਕੜਾ ਪਕਿਆ ਹੋਇਆ ਪਪੀਤਾ, ਇੱਕ ਸੰਤਰੇ ਦਾ ਟੁਕੜਾ (ਬਿਨਾਂ ਬੀਜ ਵਾਲਾ), ਇੱਕ ਛੋਟਾ ਟੁਕੜਾ ਸਟਰਾਅਬੇਰੀ ਲਓ ਤੇ ਸਾਰਿਆਂ ਬਲੈਂਡਰ ਵਿੱਚ ਪਾ ਕੇ ਤਦ ਤੱਕ ਬਲੈਂਡ ਕਰੋ ਜਦ ਤੱਕ ਕਿ ਚੀਕਨਾ ਪੇਸਟ ਵਾਂਗ ਨਾ ਬਣ ਜਾਏ। ਪੇਸਟ ਨੂੰ ਚਿਹਰੇ ਉੱਤੇ ਲਗਾ ਕੇ ਹੌਲੀ-ਹੌਲੀ ਮਾਲਿਸ਼ ਕਰੋ। ਇਹ ਪੈਕ ਆਇਲੀ ਸਕਿਨ ਵਾਲਿਆਂ ਦੇ ਲਈ ਫਾਇਦੇਮੰਦ ਹੈ।

ਐਲੋਵੇਰਾ ਜ਼ੈੱਲ

ਐਲੋਵੇਰਾ ਦੀ ਪੱਤੀ ਵਿੱਚੋਂ ਜ਼ੈਲ ਕੱਢ ਕੇ ਚਿਹਰੇ ਅਤੇ ਗਰਦਨ ਉੱਤੇ ਲਗਾਓ ਅਤੇ 20 ਮਿੰਟ ਲੱਗਾ ਰਹਿਣ ਦਿਓ। ਸੁੱਕਣ ਦੇ ਬਾਅਦ ਇਸ ਨੂੰ ਕੋਸੇ ਪਾਣੀ ਨਾਲ ਧੋ ਲਓ। ਬਿਹਤਰ ਨਤੀਜਿਆਂ ਦੇ ਲਈ ਇਸ ਨੂੰ ਹਫਤੇ ਵਿੱਚ ਤਿੰਨ ਤੋਂ ਚਾਰ ਵਾਰ ਲਗਾਓ। ਐਲੋਵੇਰਾ ਵਿੱਚ ਮੈਲਿਕ ਐਸਿਡ ਹੁੰਦਾ ਹੈ, ਜੋ ਸਕਿਨ ਨੂੰ ਕਸਾਵਟ ਲਿਆਉਂਦਾ ਹੈ।

## ਰਸੋਈ

### ਪੋਹਾ ਪੂੜੀ

ਸਮੱਗਰੀ-ਪੋਹਾ ਇੱਕ ਕੱਪ, ਵੇਸਣ ਇੱਕ ਵੱਡਾ ਚਮਚ, ਚੌਲਾਂ ਦਾ ਆਟਾ ਇੱਕ ਵੱਡਾ ਚਮਚ, ਨਮਕ, ਅਦਰਕ ਪੇਸਟ ਇੱਕ ਛੋਟਾ ਚਮਚ, ਕੁੱਟੀ ਹੋਈ ਲਾਲ ਮਿਰਚ ਇੱਕ ਛੋਟਾ ਚਮਚ, ਤੇਲ ਇੱਕ ਛੋਟਾ ਚਮਚ, ਕੜੀ ਪੱਤਾ 6, ਚਾਟ ਮਸਾਲਾ ਇੱਕ ਚਮਚ, ਤੇਲ ਤਲਣ ਦੇ ਲਈ।

ਵਿਧੀ-ਪੋਹੇ ਨੂੰ ਧੋ ਕੇ ਛਾਨਣੀ ਵਿੱਚ ਕੱਢ ਕੇ ਰੱਖੋ ਤਾਂ ਕਿ ਇਹ ਨਰਮ ਹੋ ਜਾਏ। ਇਸ ਨੂੰ ਕਰੀਬ ਤਿੰਨ-ਚਾਰ ਮਿੰਟ ਰੱਖੋ। ਇਸ ਵਿੱਚ ਇੱਕ ਛੋਟਾ ਚਮਚ ਤੇਲ, ਨਮਕ, ਚੌਲਾਂ ਦਾ ਆਟਾ, ਵੇਸਣ, ਕੁੱਟੀ ਲਾਲ ਮਿਰਚ, ਕੜੀ ਪੱਤਾ ਅਤੇ ਚਾਟ ਮਸਾਲਾ, ਪਾ ਕੇ ਮਿਲਾਓ। ਪਾਣੀ ਨਾਲ ਮੁਲਾਇਮ ਆਟਾ ਗੁੰਨ ਲਓ। ਜੇ ਜ਼ਰੂਰਤ ਹੋਵੇ ਤਾਂ ਹਲਕਾ ਜਿਹਾ ਪਾਣੀ ਪਾ ਕੇ ਆਟਾ ਗੁੰਨੋ। ਆਟੇ ਦੇ ਇੱਕੋ ਜਿਹੇ ਛੋਟੇ-ਛੋਟੇ ਪੇੜੇ ਤਿਆਰ ਕਰ ਕੇ ਵੇਲੋ। ਕੜਾਹੀ ਵਿੱਚ ਤੇਲ ਗਰਮ ਕਰੋ ਅਤੇ ਮੱਧਮ ਸੇਕ ਉੱਤੇ ਪੂੜੀਆਂ ਨੂੰ ਗੁਲਾਬੀ ਅਤੇ ਕੁਰਕੁਰੀ ਹੋਣ ਤੱਕ ਤਲੋ।

# ਪੰਜਾਬ ਦੀ ਧੀ ਕਮਲਪ੍ਰੀਤ ਕੌਰ ਦੀ ਸ਼ਾਨਦਾਰ ਖੇਡ

-ਇਕਬਾਲ ਸਿੰਘ ਸ਼ਾਂਤ-

ਟੋਕੀਓ ਓਲੰਪਿਕ ਵਿੱਚ ਭਾਰਤ ਦੇ ਖਿਡਾਰੀਆਂ ਦਾ ਪ੍ਰਦਰਸ਼ਨ ਲੰਮੇ ਵਕਫੇ ਮਗਰੋਂ ਦੇਸ਼ ਦੇ ਓਲੰਪਿਕ ਇਤਿਹਾਸ ਵਿੱਚ ਆਪਣੇ ਨਿਸ਼ਾਨ ਛੱਡ ਗਿਆ ਹੈ। ਇਨ੍ਹਾਂ ਵਿੱਚੋਂ ਦੇਸ਼ ਦੇ ਆਮ ਹਾਲਾਤਾਂ ਵਿੱਚੋਂ ਉੱਭਰੀ ਠੇਠ ਪੇਂਡੂ ਖਿੱਤੇ ਕਬਰਵਾਲਾ ਵਿਖੇ ਬਤਾਲਿਆਂ ਵਾਲੀ ਢਾਣੀ ਦੀ ਜੰਮਪਲ ਅਥਲੀਟ ਕਮਲਪ੍ਰੀਤ ਕੌਰ ਨੇ ਕਮਾਲ ਕਰ ਦਿਖਾਇਆ ਹੈ।

ਕਮਲਪ੍ਰੀਤ ਕੌਰ ਦਾ ਛੋਟੀ ਉਮਰ ਵਿੱਚ ਪਹਿਲੇ ਓਲੰਪਿਕ ਵਿੱਚੋਂ ਤਮਗਾ ਨਾ ਜਿੱਤਣ ਸਕਣ ਦੇ ਬਾਵਜੂਦ ਖੁਦ ਨੂੰ ਸਾਬਿਤ ਕਰਨਾ ਉਸ ਦੀ ਵਿਲੱਖਣਤਾ ਨੂੰ ਦਰਸਾਉਂਦਾ ਹੈ। ਕਿਸਾਨ ਗੁਰਬਖਸ਼ ਸਿੰਘ ਬੱਲ ਦੀ ਪੋਤਰੀ ਤਕਰੀਬਨ 11 ਸਾਲ ਪਹਿਲਾਂ ਤੱਕ ਡਿਸਕਸ ਥਰੋਅ ਦੇ 'ਊੜੇ ਐੜੇ' ਤੋਂ ਬਿਲਕੁਲ ਵੱਖ ਸੀ। ਨਾ ਉਸ ਨੂੰ ਖੇਡਾਂ ਵਿੱਚ ਕੋਈ ਦਿਲਚਸਪੀ ਸੀ ਅਤੇ ਨਾ ਪਰਵਾਰਕ ਪਿਛੋਕੜ ਖੇਡਾਂ ਵਾਲਾ ਸੀ। ਦਰਅਸਲ 25 ਸਾਲ ਦੀ ਉਮਰ ਵਿੱਚ ਵੱਡਾ ਮੁਕਾਮ ਹਾਸਲ ਕਰਨ ਵਿੱਚ ਉਸ ਦੇ 6.1 ਫੁੱਟ ਲੰਮੇ ਕੱਦ ਅਤੇ ਮਜ਼ਬੂਤ ਡੀਲ-ਡੌਲ ਦਾ ਅਹਿਮ ਰੋਲ ਹੈ। ਉਸ ਦੇ ਖੇਡ ਸਫਰ ਦਾ ਮੁੱਢ 2011 ਵਿੱਚੇ ਬਾਬਾ ਈਸ਼ਰ ਸਿੰਘ ਨਾਨਕਸਰ ਪਬਲਿਕ ਸਕੂਲ ਕਬਰਵਾਲਾ ਵਿਖੇ ਮੈਟ੍ਰਿਕ ਦੀ ਪੜ੍ਹਾਈ ਦੌਰਾਨ ਹੋਇਆ, ਜਿੱਥੇ ਡੀ ਪੀ ਟੀਚਰ ਨੇ ਕਮਲਪ੍ਰੀਤ ਕੌਰ ਦੇ ਲੰਮੇ ਕੱਦ ਨੂੰ ਵੇਖ ਕੇ ਉਸ ਨੂੰ ਡਿਸਕਸ ਥ੍ਰੋਅ ਖੇਡ ਨਾਲ ਜੋੜਨ ਦੀ ਸੋਚੀ। ਕਮਲਪ੍ਰੀਤ ਕੌਰ ਖੇਡਾਂ ਨਾਲ ਪੜ੍ਹਾਈ ਵਿੱਚ ਤਰੱਕੀ ਲਈ ਚਾਈਂ-ਚਾਈਂ ਤਿਆਰ ਹੋ ਗਈ। ਉਸ ਤੋਂ ਦੋ-ਤਿੰਨ ਦਿਨ ਬਾਅਦ ਉਸ ਨੂੰ ਬਗੈਰ ਕਿਸੇ ਵੱਡੀ ਤਿਆਰੀ ਜ਼ਿਲਾ ਪੱਧਰੀ ਖੇਡਾਂ ਵਿੱਚ ਲਿਜਾਇਆ ਗਿਆ। ਚੰਗੇ ਭਾਗਾਂ ਨੂੰ ਕਮਲਪ੍ਰੀਤ ਕੌਰ ਨੂੰ ਡਿਸਕਸ ਥ੍ਰੋਅ ਵਿੱਚ ਪਹਿਲਾ ਸਥਾਨ ਅਤੇ ਸੂਬਾਈ ਪੱਧਰ ਉੱਤੇ ਚੌਥਾ ਸਥਾਨ ਹਾਸਲ ਮਿਲ ਗਿਆ।

ਚੰਗੇ ਪ੍ਰਦਰਸ਼ਨ ਮਗਰੋਂ ਉਸ ਦੇ ਪਿਤਾ ਕੁਲਦੀਪ ਸਿੰਘ ਅਤੇ ਪਰਵਾਰ ਨੂੰ ਕੰਧ ਉੱਤੇ ਲਿਖੇ 'ਸੱਚ' ਵਾਂਗ ਕਮਲਪ੍ਰੀਤ ਕੌਰ ਦਾ ਖੇਡਾਂ ਵਿੱਚ ਭਵਿੱਖ ਦਿਸਣ ਲੱਗਿਆ। ਉਸ ਦਾ ਦਾਖਲਾ ਪਿੰਡ ਬਾਦਲ ਦੇ ਦਸਮੇਸ਼ ਵਿਦਿਅਕ ਅਦਾਰੇ ਵਿੱਚ ਕਰਵਾ ਦਿੱਤਾ ਗਿਆ। ਪਹਿਲੇ ਸਾਲ ਸਪੋਰਟਸ ਅਥਾਰਟੀ ਆਫ ਇੰਡੀਆ (ਬਾਦਲ ਕੇਂਦਰ) ਦੇ ਟਰਾਇਲ ਦਾ ਸਮਾਂ ਲੰਘ ਗਿਆ। ਉਸ ਦੇ ਪਿਤਾ ਨੇ ਧੀ ਦੇ ਭਵਿੱਖ ਲਈ ਵਿੱਤ ਤੋਂ ਵੱਧ ਕੇ ਦਸਮੇਸ਼ ਸਕੂਲ ਦੇ ਮਹਿੰਗੇ ਖਰਚੇ ਵਾਲੇ ਹੋਸਟਲ ਵਿੱਚ ਦਾਖਲਾ ਕਰਵਾਇਆ, ਜਿੱਥੇ ਸਪੋਰਟਸ ਅਥਾਰਟੀ ਆਫ ਇੰਡੀਆ (ਸਾਈ) ਬਾਦਲ ਵਿੱਚ ਅਥਲੈਟਿਕਸ ਕੋਚ ਪ੍ਰਿਤਪਾਲ ਕੌਰ ਮਾਰੂ ਨੇ ਉਸ ਨੂੰ ਸ਼ੁਰੂ ਦੀ ਖੇਡ ਸਿਖਲਾਈ ਦਿੱਤੀ। ਸਕੂਲ ਨੈਸ਼ਨਲ ਗੇਮਜ਼ ਅਤੇ ਜੂਨੀਅਰ ਨੈਸ਼ਨਲ ਗੇਮਜ਼ ਵਿੱਚ ਕਮਲ ਨੇ ਚਾਰ ਤਮਗੇ ਜਿੱਤੇ। ਸਾਲ 2015 ਤੋਂ ਅੱਜ ਤੱਕ ਰਾਖੀ ਤਿਆਗੀ ਉਸ ਦੀ ਖੇਡ ਪ੍ਰਤਿਭਾ ਨੂੰ ਨਿਖਾਰਦੇ ਆ ਰਹੇ ਹਨ।

ਮਾਤਾ ਹਰਜਿੰਦਰ ਕੌਰ ਨੂੰ ਧੀ ਦੇ ਹੋਸਟਲ ਵਿੱਚ ਚੰਗੇ ਖਾਣ-ਪੀਣ ਅਤੇ ਰਹਿਣ-ਸਹਿਣ ਬਾਰੇ ਸ਼ੁਰੂ ਦੀ ਝਿਜਕ ਸੀ, ਪਰ ਮਜ਼ਬੂਤ ਜੁੱਸੇ ਵਾਲੀ ਧੀ ਦੀਆਂ ਜਿੱਤਾਂ ਨੇ ਮਾਂ ਦੇ ਮਨ ਦੇ ਡਰ ਮੁਕਾ ਦਿੱਤੇ। ਬਾਰ੍ਹਵੀਂ ਜਮਾਤ ਵਿੱਚ ਨੈਸ਼ਨਲ ਪੱਧਰ ਉੱਤੇ ਤਮਗਾ ਆਉਣ ਉੱਤੇ ਟਰਾਇਲ ਵਿੱਚ ਕਮਲਪ੍ਰੀਤ ਕੌਰ ਦੀ ਸਾਈ ਵਿੱਚ ਚੋਣ ਹੋ ਗਈ। ਪਿੰਡ ਬਾਦਲ ਦੇ ਦਸਮੇਸ਼ ਵਿਦਿਅਕ ਅਦਾਰੇ ਦੀ ਮਿੱਟੀ ਤੇ ਕਮਲਪ੍ਰੀਤ ਦੀ ਮਿਹਨਤ ਦਾ ਜਲੌਅ ਹੈ ਕਿ ਫਿਰ ਉਸ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ। ਬਾਦਲ ਵਿੱਚ ਸਰਕਾਰੀ ਸਿਖਲਾਈ ਸੈਂਟਰਾਂ ਵਿੱਚ ਹੋਰ ਦੇਸ਼ਾਂ ਦੇ ਖਿਡਾਰੀਆਂ ਦੇ ਮੁਕਾਬਲੇ ਬਿਹਤਰ ਸਹੂਲਤਾਂ ਦੀ ਅਣਹੋਂਦ ਤੇ ਚੰਗੀ ਖੁਰਾਕ ਨਾ ਮਿਲਣ ਦਾ ਰੰਜ ਉਸ ਨੂੰ ਲਗਾਤਾਰ ਰਿਹਾ, ਜਿਸ ਦਾ ਪ੍ਰਭਾਵ ਉਸ ਦੀ ਖੇਡ ਉੱਤੇ ਵੇਖਿਆ ਗਿਆ। ਮਾਪਿਆਂ ਦੇ ਸਹਿਯੋਗ ਸਦਕਾ ਪਿੰਡ ਬਾਦਲ ਦੀ ਸਾਈ ਵਿੱਚੋਂ ਉਠੀ ਸੇਮ ਮਾਰੇ ਪਿੰਡ ਕਬਰਵਾਲਾ ਦੀ ਧੀ ਨੇ ਪਿੰਡ ਨੂੰ ਵਿਸ਼ਵ ਪੱਧਰ ਉੱਤੇ ਚਮਕਾ ਦਿੱਤਾ। ਉਨ੍ਹਾਂ ਦੇ ਬਾਬਾ ਬਕਾਲਾ ਨੇੜਲੇ ਪਿੰਡ ਬਤਾਲਾ ਦੇ ਪਿਛੋਕੜ ਵਾਲੇ ਬੱਲ ਖਾਨਦਾਨ ਦਾ ਸੰਬੰਧ ਫੌਜ ਨਾਲ ਹੈ। ਕਮਲਪ੍ਰੀਤ ਕੌਰ ਦਾ ਨੱਕੜਦਾਦਾ ਵਧਾਵਾ ਸਿੰਘ ਬੱਲ ਅੰਗਰੇਜ਼ ਹਕੂਮਤ ਸਮੇਂ ਫੌਜ ਵਿਚ ਨੌਕਰੀ ਕਰਦਾ ਸੀ ਤੇ ਉਨ੍ਹਾਂ ਦੀਆਂ ਸੇਵਾਵਾਂ ਬਦਲੇ ਅੰਗਰੇਜ਼ਾਂ ਨੇ ਇਨਾਮ ਵਜੋਂ 28 ਚੱਕ ਸਰਗੋਧਾ (ਪਾਕਿਸਤਾਨ) ਵਿੱਚ ਪੰਜਾਹ ਏਕੜ ਜ਼ਮੀਨ ਦਿੱਤੀ ਸੀ, ਜਿਹੜੀ ਦੇਸ਼ ਦੀ ਵੰਡ ਮਗਰੋਂ ਪਿੰਡ ਕਬਰਵਾਲਾ ਵਿੱਚ ਮਿਲੀ ਸੀ।




ਡਿਸਕਸ ਥਰੋਅ ਵਿੱਚ ਕਮਲਪ੍ਰੀਤ ਕੌਰ ਦੇ ਨਾਂਅ 37 ਤਮਗੇ ਹਨ। ਉਹ ਨਾਮੀ ਅਥਲੀਟ ਕ੍ਰਿਸ਼ਨਾ ਪੂਨੀਆ ਨੂੰ ਆਪਣਾ ਰੋਲ ਮਾਡਲ ਮੰਨਦੀ ਹੈ। ਉਸ ਦੇ ਰਿਕਰਾਡ ਤੋੜਨ ਵਾਲੇ ਸੁਭਾਅ ਨੇ ਰੋਲ ਮਾਡਲ ਕ੍ਰਿਸ਼ਨ ਪੂਨੀਆ ਦਾ ਹੀ 64.76 (ਸਾਲ 2012) ਨੈਸ਼ਨਲ ਰਿਕਾਰਡ ਤੋੜ ਕੇ ਸਿੱਧਾ ਓਲੰਪਿਕ ਦਾ ਦਾਖਲਾ ਪਾਇਆ। ਉਹ ਡਿਸਕਸ ਥ੍ਰੋਅ ਵਿੱਚ 65 ਮੀਟਰ ਸਕੋਰ ਪਾਰ ਕਰਨ ਵਾਲੀ ਪਹਿਲੀ ਭਾਰਤੀ ਮਹਿਲਾ ਅਥਲੀਟ ਹੈ। ਟੋਕੀਓ ਵਿੱਚ ਫਾਈਨਲ ਲਈ ਕੁਆਲੀਫਾਈਂਗ ਸਮੇਂ ਵੀ ਕਮਲਪ੍ਰੀਤ ਨੇ 64 ਮੀਟਰ ਥਰੋਅ ਰਾਹੀਂ ਭਾਰਤ ਦੀ ਸਭ ਤੋਂ ਵੱਧ ਸਕੋਰ ਕਰਨ ਵਾਲੀ ਖਿਡਾਰੀ ਹੋਣ ਦਾ ਮਾਣ ਹਾਸਲ ਕੀਤਾ। ਉਸ ਨੇ ਅੱਜ ਤੱਕ ਤਿੰਨ ਮੀਟ ਅਤੇ ਇੱਕ ਨੈਸ਼ਨਲ ਰਿਕਾਰਡ ਤੋੜਿਆ ਹੈ। ਕਰੀਬ ਨੌਂ ਸਾਲਾਂ ਵਿੱਚ ਡਿਸਕਸ ਥ੍ਰੋਅ ਵਿੱਚ ਸਿਖਰ ਉੱਤੇ ਪੁੱਜਣ ਵਾਲੀ ਕਮਲਪ੍ਰੀਤ ਦਾ ਖੇਡ ਸਫਰ ਸੌਖਾ ਨਹੀਂ ਰਿਹਾ। 2017 ਵਿੱਚ ਖੇਡ ਦੌਰਾਨ ਲੱਗੀ ਸੱਟ ਦੇ ਲਗਾਤਾਰ ਦਰਦ ਨੇ ਉਸ ਨੂੰ ਲਗਭਗ ਹਰਾ ਦਿੱਤਾ ਸੀ। ਤਿੱਖੇ ਦਰਦ ਨੇ ਖੇਡ ਛੱਡਣ ਤੱਕ ਦੇ ਆਸਾਰ ਬਣਾ ਦਿੱਤੇ ਸਨ। ਉਸ ਨੂੰ ਪਿਓ-ਦਾਦੇ ਦਾ ਲੋਕਾਂ ਦੀਆਂ ਜ਼ਮੀਨਾਂ ਠੇਕੇ ਉੱਤੇ ਵਾਹ ਕੇ ਜੱਦੀ ਸੱਤ ਏਕੜ ਜ਼ਮੀਨ ਨੂੰ 28 ਏਕੜ ਬਣਾਉਣ ਦਾ ਸਫਰ ਯਾਦ ਆਇਆ। ਉਸ ਨੇ ਪਿੱਠ ਦਰਦ ਨੂੰ ਤਾਕਤ ਬਣਾ ਲਿਆ। ਕਮਲਪ੍ਰੀਤ ਬੱਲ ਨੇ ਜਿੱਤਾਂ ਦੀ ਲੜੀ 2014 ਵਿੱਚ ਜੂਨੀਅਰ ਨੈਸ਼ਨਲ ਡਿਸਕਸ ਥ੍ਰੋਅ ਵਿੱਚ 39 ਮੀਟਰ ਸਕੋਰ ਨਾਲ ਸੋਨ ਤਮਗੇ ਤੋਂ ਵਿੱਢੀ। ਉਸੇ ਸਾਲ ਸਕੂਲ ਗੇਮਜ਼ ਵਿੱਚ 42 ਮੀਟਰ ਸਕੋਰ ਨਾਲ ਸੋਨ ਤਮਗਾ ਤੇ 2016 ਵਿੱਚ ਓਪਨ ਨੈਸ਼ਨਲ ਦਾ ਸੋਨ ਤਮਗਾ ਜਿੱਤਿਆ। ਸੀਨੀਅਰ ਨੈਸ਼ਨਲ ਫੈਡਰੇਸ਼ਨ ਮੁਕਾਬਲਿਆਂ ਵਿੱਚ ਸਾਲ 2018, 2019 ਅਤੇ 2021 ਵਿੱਚ ਲਗਾਤਾਰ ਸੋਨ ਤਮਗੇ ਜਿੱਤ ਕੇ ਖੁਦ ਨੂੰ ਸਾਬਤ ਕੀਤਾ। ਲਗਾਤਾਰ ਜਿੱਤਾਂ ਨੂੰ ਹੱਥਾਂ ਦੀ ਕਰਾਮਾਤ ਬਣਾਉਣ ਵਾਲੀ ਕਮਲਪ੍ਰੀਤ ਬੱਲ ਨੂੰ ਰਿਕਾਰਡ ਤੋੜਨ ਦਾ ਜਿਵੇਂ ਸੁਭਾਅ ਪੈ ਗਿਆ। ਉਸ ਨੇ 2016 ਵਿੱਚ ਰਾਜਸਥਾਨ ਦੀ ਪਰਮਿਲਾ ਦਾ ਜੂਨੀਅਰ ਖੇਡਾਂ ਦਾ ਰਿਕਾਰਡ ਤੋੜਿਆ। 2017 ਵਿੱਚ ਉਸ ਨੇ ਹਰਵੰਤ ਕੌਰ ਵੱਲੋਂ ਸਾਲ 2001 ਵਿੱਚ ਕਾਇਮ ਕੀਤਾ ਕਰੀਬਨ 53 ਮੀਟਰ ਦਾ ਰਿਕਾਰਡ 55.1 ਮੀਟਰ ਸਕੋਰ ਨਾਲ ਤੋੜਿਆ। ਉਸ ਨੇ ਆਲ ਇੰਡੀਆ ਇੰਟਰ ਰੇਲਵੇ ਖੇਡਾਂ ਵਿੱਚ ਲਖਨਊ ਵਿਖੇ ਕ੍ਰਿਸ਼ਨਾ ਪੂਨੀਆ ਦਾ ਮੀਟ ਰਿਕਾਰਡ ਤੋੜਿਆ। ਓਲੰਪਿਕ ਵਿੱਚ ਪੁੱਜਣ ਲਈ 24ਵੇਂ ਨੈਸ਼ਨਲ ਫੈਡਰੇਸ਼ਨ ਕੱਪ ਵਿੱਚ ਕ੍ਰਿਸ਼ਨਾ ਪੂਨੀਆ ਦਾ ਪੁਰਾਣਾ ਰਿਕਾਰਡ ਹੀ ਉਸ ਲਈ ਗੇਟਵੇਅ ਬਣਿਆ। ਉਹ ਰੋਜ਼ ਅੱਠ ਘੰਟੇ ਪ੍ਰੈਕਟਿਸ ਕਰਦੀ ਰਹੀ।

ਖੇਡਾਂ ਵਿੱਚ ਮੱਲਾਂ ਮਾਰਨ ਦੇ ਨਾਲ-ਨਾਲ ਉਸ ਨੇ ਗ੍ਰੈਜੂਏਸ਼ਨ ਪਾਸ ਕੀਤੀ। ਓਲੰਪਿਕ ਦੀ ਸਿਖਲਾਈ ਖਾਤਰ ਪੰਜਾਬ ਸਰਕਾਰ ਨੇ ਦਸ ਲੱਖ ਰੁਪਏ, ਜ਼ਿਲਾ ਪ੍ਰਸ਼ਾਸਨ ਨੇ ਪੰਜ ਲੱਖ ਰੁਪਏ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੋ ਲੱਖ ਰੁਪਏ ਦੀ ਮਾਲੀ ਮਦਦ ਦਿੱਤੀ ਸੀ। ਇਸ ਦੇ ਬਾਵਜੂਦ ਦੇਸ਼ ਵਿੱਚ ਖੇਡਾਂ ਅਤੇ ਖਿਡਾਰੀਆਂ ਪ੍ਰਤੀ ਸਰਕਾਰੀ ਅਤੇ ਸਿਆਸੀ ਸਿਤਮ ਜਰੀਫੀ ਹੈ ਕਿ ਇੰਨੀ ਪ੍ਰਭਾਵਸ਼ਾਲੀ ਅਥਲੀਟ ਨੂੰ ਰੇਲਵੇ ਵਿੱਚ ਤੀਜੇ ਦਰਜੇ ਉੱਤੇ ਸੀਨੀਅਰ ਕਲਰਕ ਦੀ ਨੌਕਰੀ ਦਿੱਤੀ ਗਈ। ਜੇ ਕਮਲਪ੍ਰੀਤ ਦੀ ਪ੍ਰਤਿਭਾ ਮੁਤਾਬਕ ਸੂਬਾ ਸਰਕਾਰ ਸਮੇਂ ਸਿਰ ਬਿਹਤਰੀਨ ਸਹੂਲਤਾਂ ਤੇ ਗਜ਼ਟਿਡ ਨੌਕਰੀ ਦੇ ਕੇ ਉਸ ਦਾ ਹੌਸਲਾ ਵਧਾਉਂਦੀ ਤਾਂ ਅੱਜ ਪੰਜਾਬ ਦੀ ਇਸ ਧੀ ਦਾ ਪ੍ਰਦਰਸ਼ਨ ਹੋਰ ਵੀ ਬਿਹਤਰ ਹੋਣਾ ਸੀ। ਮੌਜੂਦਾ ਸਮੇਂ ਵਿੱਚ ਉਹ ਪਟਿਆਲਾ ਵਿਖੇ ਸਾਈ ਸੈਂਟਰ ਵਿੱਚ ਕੋਚ ਰਾਖੀ ਤਿਆਗੀ ਦੀ ਦੇਖ ਰੇਖ ਵਿੱਚ ਓਲੰਪਿਕ ਲਈ ਪ੍ਰਵਾਨ ਚੜ੍ਹੀ। ਓਲੰਪਿਕ ਪ੍ਰਦਰਸ਼ਨ ਮੌਕੇ ਸਮੁੱਚੇ ਪੰਜਾਬ ਅਤੇ ਸਮੁੱਚੇ ਦੇਸ਼ ਦੀਆਂ ਨਿਗਾਹਾਂ ਉਸ ਉੱਤੇ ਲੱਗੀਆਂ ਰਹੀਆਂ। ਖਰਾਬ ਮੌਸਮ ਕਾਰਨ ਫਾਈਨਲ ਵਿੱਚ ਉਸ ਦੇ ਖੇਡ ਪ੍ਰਦਰਸ਼ਨ ਉੱਤੇ ਫਰਕ ਪਿਆ। ਉਸ ਨੇ ਪਹਿਲੇ ਅੱਧ ਵਿੱਚ ਮੋਹਰੀ ਅੱਠ ਅਥਲੀਟਾਂ ਵਿੱਚ ਰਹਿ ਕੇ ਭਾਰਤ ਨੂੰ ਜਿੱਤ ਲਈ ਤਿੰਨ ਹੋਰ ਮੌਕੇ ਦਿਵਾਏ ਅਤੇ ਤਮਗੇ ਦੀ ਉਮੀਦ ਨੂੰ ਆਖਰ ਤੱਕ ਬਣਾਈ ਰੱਖਿਆ। ਆਖਰ 63.70 ਸਕੋਰ ਨਾਲ ਛੇਵੇਂ ਸਥਾਨ ਉੱਤੇ ਰਹੀ।

ਪਿਤਾ ਕੁਲਦੀਪ ਸਿੰਘ ਨੇ ਹੋਣਹਾਰ ਧੀ ਦੀ ਪ੍ਰਾਪਤੀ ਨੂੰ ਬੇਮਿਸਾਲ ਦੱਸਦਿਆਂ ਕਿਹਾ ਕਿ ਓਲੰਪਿਕ ਤੱਕ ਪੁੱਜਣਾ ਹੀ ਬਹੁਤ ਵੱਡੀ ਗੱਲ ਹੈ। ਧੀ ਲਈ ਅਰਦਾਸਾਂ ਕਰਨ ਵਾਲੀ ਮਾਂ ਹਰਜਿੰਦਰ ਕੌਰ ਅਤੇ ਛੋਟਾ ਭਰਾ ਸਤਿੰਦਰ ਸਿੰਘ ਮਾਯੂਸ ਤਾਂ ਹੋਏ, ਫਿਰ ਵੀ ਉਸ ਦੇ ਓਲੰਪਿਕ ਤੱਕ ਪੁੱਜਣ ਤੋਂ ਖੁਸ਼ ਸਨ। ਕੋਚ ਰਾਖੀ ਤਿਆਗੀ ਮੁਤਾਬਕ ਕਮਲਪ੍ਰੀਤ ਨੇ ਛੋਟੀ ਉਮਰੇ ਵੱਡਾ ਮੁਕਾਮ ਹਾਸਲ ਕੀਤਾ ਹੈ। ਉਨ੍ਹਾਂ ਕਿਹਾ ਕਿ ਕਮਲਪ੍ਰੀਤ ਦਾ ਜਿੱਤ ਦਾ ਜਜ਼ਬਾ ਅਤੇ ਡਟਵੀਂ ਲਗਨ ਹੀ ਉਸ ਨੂੰ ਸਭ ਤੋਂ ਵੱਖਰਾ ਬਣਾਉਂਦੀ ਹੈ। ਟੋਕੀਓ ਓਲੰਪਿਕ ਵਿੱਚ ਤਮਗਾ ਜਿੱਤਣ ਤੋਂ ਵਾਂਝੀ ਰਹਿ ਜਾਣ ਦੇ ਬਾਵਜੂਦ ਕਮਲਪ੍ਰੀਤ ਕੌਰ ਪੰਜਾਬੀਆਂ ਲਈ ਰੋਲ ਮਾਡਲ ਬਣ ਕੇ ਉਭਰੀ ਹੈ। ਪੰਜਾਬ ਅਤੇ ਦੇਸ਼ ਨੂੰ ਉਸ ਤੋਂ ਬਹੁਤ ਉਮੀਦਾਂ ਹਨ। ਸ਼ਾਲਾ! ਓਲੰਪਿਕ ਵਿੱਚ ਤਮਗਾ ਜਿੱਤਣ ਦਾ ਉਸ ਦਾ ਸੁਫਨਾ ਪੂਰਾ ਹੋ ਜਾਵੇ।

# ਬੇਮੁਹਾਰ ਪੰਜਾਬੀ ਗੀਤਕਾਰੀ

-ਜਗਦੀਪ ਸਿੰਘ ਭੁੱਲਰ

ਗੀਤ ਕਿਸੇ ਖਿੱਤੇ ਦੇ ਸੱਭਿਆਚਾਰ ਦੀ ਨਕਸ਼-ਨੁਹਾਰ ਹੁੰਦੇ ਹਨ। ਇਹ ਸਮਾਜ ਵਿੱਚ ਆ ਰਹੇ ਬਦਲਾਵ ਦਾ ਸਭ ਤੋਂ ਪਹਿਲਾਂ ਮਾਧਿਆਮ ਬਣਦੇ ਹਨ। ਗੀਤ ਲੋਕ-ਜੀਵਨ ਦੇ ਅਨੁਭਵ ਅਤੇ ਚਾਹਤਾਂ ਦੀ ਨਾ ਕੇਵਲ ਪੇਸ਼ਕਾਰੀ ਕਰਦੇ ਹਨ ਬਲਕਿ ਲੋਕ ਜੀਵਨ ਵਿੱਚ ਪਰਿਵਰਤਨ ਲਿਆਉਣ ਵਿੱਚ ਵੀ ਮਹੱਤਵਪੂਰਨ ਰੋਲ ਅਦਾ ਕਰਦੇ ਹਨ। ਅਜੋਕੀ ਗੀਤਕਾਰੀ ਇਸ ਦੀ ਪ੍ਰਤੱਖ ਮਿਸਾਲ ਹੈ।

ਵਿਸ਼ਵੀਕਰਨ ਇੱਕ ਸ਼ਕਤੀਸ਼ਾਲੀ ਆਰਥਿਕ, ਸੱਭਿਆਚਾਰਕ, ਰਾਜਨੀਤਕ ਪ੍ਰਕਿਰਿਆ ਹੈ, ਜੋ ਸਮੁੱਚੇ ਵਿਸ਼ਵ ਨੂੰ ਪੂੰਜੀ ਦੁਆਲੇ ਕੇਂਦਰਤ ਕਰ ਦੇਣ ਲਈ ਯਤਨਸ਼ੀਲ ਹੈ। ਇਸ ਦਾ ਮਨੋਰਥ ਅਜਿਹੇ ਮਨੁੱਖ ਦੀ ਸਿਰਜਣਾ ਕਰਨਾ ਹੈ, ਜੋ ਪੂੰਜੀ ਅਤੇ ਆਰਥਿਕਤਾ ਨੂੰ ਮਨੁੱਖੀ ਸਰੋਕਾਰਾਂ ਤੋਂ ਉਤਮ ਅਤੇ ਸਾਰਥਿਕ ਮੰਨ ਲਵੇ। ਇਸ ਨੇ ਮੀਡੀਆ ਤੇ ਸੂਚਨਾ ਕ੍ਰਾਂਤੀ ਰਾਹੀਂ ਸਾਧਾਰਨ ਮਨੁੱਖ ਦੇ ਅੰਤਰਮਨ ਤੱਕ ਆਪਣੀ ਪਹੁੰਚ ਬਣਾ ਲਈ ਹੈ। ਜਿੱਥੇ ਇਸ ਪ੍ਰਕਿਰਿਆ ਦਾ ਪ੍ਰਭਾਵ ਸਮੁੱਚੇ ਸੰਸਾਰ ਉਪਰ ਪਿਆ ਹੈ, ਉਥੇ ਇਸ ਨੇ ਸਾਹਿਤ ਨੂੰ ਵੀ ਪ੍ਰਭਾਵਿਤ ਕੀਤਾ ਹੈ। ਸਾਹਿਤ ਦੀਆਂ ਹੋਰ ਵਿਧਾਵਾਂ ਤੋਂ ਇਲਾਵਾ ਪੰਜਾਬੀ ਗੀਤਕਾਰੀ ਉਪਰ ਵੀ ਇਸ ਦਾ ਪ੍ਰਭਾਵ ਪ੍ਰਤੱਖ ਨਜ਼ਰ ਆਉਂਦਾ ਹੈ। ਗੀਤਕਾਰੀ ਅੱਗੇ ਗਾਇਨ ਨਾਲ ਜੁੜੀ ਹੋਣ ਕਰਕੇ ਇਹ ਉਦਯੋਗ ਦਾ ਰੂਪ ਧਾਰਨ ਕਰ ਗਈ ਹੈ, ਇਸ ਦਾ ਵਪਾਰਕ ਪਹਿਲੂ ਅਹਿਮ ਹੋ ਗਿਆ ਹੈ। ਸੂਚਨਾ ਕ੍ਰਾਂਤੀ, ਬਾਜ਼ਾਰਵਾਦ, ਨਿੱਜੀਕਰਨ ਅਤੇ ਉਦਾਰੀਕਰਨ ਨੇ ਪੰਜਾਬੀ ਗੀਤ-ਸੰਗੀਤ ਜਗਤ ਦਾ ਮੁਹਾਂਦਰਾ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਮਨੋਰੰਜਨ ਦੀ ਜਗ੍ਹਾ ਮੁਨਾਫਾ ਤੇ ਮਨੁੱਖ ਦੀ ਜਗ੍ਹਾ ਪੂੰਜੀ ਇਸ ਦੇ ਕੇਂਦਰੀ ਸਰੋਕਾਰ ਬਣ ਗਏ ਹਨ। ਨਵੇਂ ਤਜ਼ਰਬਿਆਂ ਦੇ ਨਾਂ ਥੱਲੇ ਬਹੁਤ ਕੱਚ-ਘਰੜ ਮੰਡੀ ਵਿੱਚ ਉਤਾਰਿਆ ਜਾ ਰਿਹਾ ਹੈ, ਕਿਉਂਕਿ ਇਹ ਮੰਡੀ ਦਾ ਮਾਲ ਹੈ ਤੇ ਉਦੇਸ਼ ਕੇਵਲ ਵੇਚਣਾ ਹੈ। ਇਸ ਲਈ ਸ਼ਬਦਾਵਲੀ ਦਾ ਮਿਆਰ ਕੋਈ ਮਾਅਨੇ ਨਹੀਂ ਰੱਖਦਾ। ਗਾਲ੍ਹਾਂ ਰੂਪੀ ਗੀਤ ਲਿਖੇ ਜਾ ਰਹੇ ਹਨ। ਇਸ ਸਮੁੱਚੇ ਵਰਤਾਰੇ ਨੇ ਇਸ ਸਦੀ ਵਿੱਚ ਪੰਜਾਬੀਅਤ ਨੂੰ ਬਹੁਤ ਤੇਜ਼ੀ ਨਾਲ ਖੋਰਾ ਲਾਇਆ ਹੈ। ਪੰਜਾਬੀ ਬੰਦਾ ਵੀ ਮੰਡੀ ਦੀ ਵਸਤੂ ਬਣ ਗਿਆ ਜਾਪਦਾ ਹੈ। ਮੁਕਾਬਲੇ ਦੀ ਦੌੜ ਵਿੱਚ ਇਹ ਆਪਣੀਆਂ ਉਨ੍ਹਾਂ ਵਿਰਾਸਤੀ ਕਦਰਾਂ-ਕੀਮਤਾਂ ਤੋਂ ਮੁਨਕਰ ਹੋ ਰਿਹਾ ਹੈ ਜਿਹੜੀਆਂ ਇਸ ਨੂੰ ਜੀਵਨ ਸੇਧ ਦਿੰਦੀਆਂ ਹਨ। ਇਸ ਦੀ ਮਾਨਵੀ ਪਛਾਣ ਡਾਵਾਂਡੋਲ ਸਥਿਤੀ ਵਿੱਚ ਹੈ।

ਇੱਕੀਵੀਂ ਸਦੀ ਦੀ ਪੰਜਾਬੀ ਗੀਤਕਾਰੀ ਵਿੱਚ ਪੰਜਾਬੀਅਤ ਦਾ ਸਰੂਪ ਲਗਾਤਾਰ ਬਦਲਦਾ ਦਿਖਾਈ ਦਿੰਦਾ ਹੈ। ਪੰਜਾਬੀ ਗੀਤਕਾਰੀ ਪੰਜਾਬੀਅਤ ਦੀ ਨਿਸ਼ਾਨਦੇਹੀ ਕਰਦੀ ਹੈ, ਪੰਜਾਬੀ ਪਹਿਰਾਵੇ ਖਾਣ-ਪੀਣ, ਰਹਿਣ-ਸਹਿਣ, ਰਸਮੋ-ਰਿਵਾਜ ਅਤੇ ਕੰਮ-ਧੰਦੇ ਆਦਿ ਹਰ ਖੇਤਰ ਨੂੰ ਬਿਆਨਣਾ ਪੰਜਾਬੀ ਗੀਤਕਾਰੀ ਦੇ ਹਿੱਸੇ ਆਇਆ ਹੈ। ਅਜੋਕੇ ਦੌਰ ਵਿੱਚ ਇਹ ਬਿਆਨ ਪੰਜਾਬੀ ਵਿਰਾਸਤ ਜਾਂ ਸੱਭਿਆਚਾਰਕ ਕਦਰਾਂ ਦੇ ਅਨੁਕੂਲ ਹੋਣ ਦੀ ਥਾਂ ਮੰਡੀ ਦੀਆਂ ਨੀਤੀਆਂ ਦੇ ਅਨੁਸਾਰੀ ਵਧੇਰੇ ਹੈ। ਇਸ ਲਈ ਇਸ ਵਿੱਚ ਪੰਜਾਬੀਅਤ ਦੀ ਨਿਰਮਾਣਕਾਰੀ ਦੀ ਪਰਖ-ਪੜਚੋਲ ਬੜੀ ਅਹਿਮ ਬਣ ਜਾਂਦੀ ਹੈ।

ਅਜੋਕੇ ਸਮੇਂ ਪੰਜਾਬੀ ਗੀਤਕਾਰੀ ਵਿੱਚ ਦੋ ਤਰ੍ਹਾਂ ਦੇ ਗੀਤ ਲਿਖੇ ਜਾ ਰਹੇ ਹਨ। ਇੱਕ ਧਿਰ ਉਨ੍ਹਾਂ ਗੀਤਾਕਰਾਂ ਦੀ ਹੈ ਜੋ ਪੰਜਾਬੀਅਤ ਅਤੇ ਇਸ ਦੀ ਅਮੀਰ ਵਿਰਾਸਤ ਦੀ ਪਛਾਣ ਨੂੰ ਕਾਇਮ ਰੱਖਣ ਦੇ ਇਛੁੱਕ ਹਨ, ਜਿਨ੍ਹਾਂ ਵਿੱਚ ਗੁਰਦਾਸ ਮਾਨ, ਸਤਿੰਦਰ ਸਰਤਾਜ, ਹਰਨਜੀਤ ਅਤੇ ਮਨਪ੍ਰੀਤ ਟਿਵਾਣਾ ਦੇ ਨਾਮ ਜ਼ਿਕਰ ਯੋਗ ਹਨ। ਦੂਜੇ ਪਾਸੇ ਅਜਿਹੇ ਗੀਤਕਾਰ ਹਨ, ਜੋ ਪੰਜਾਬੀ ਪਛਾਣ ਨੂੰ ਢਾਹ ਲਾ ਰਹੇ ਹਨ ਅਤੇ ਇਸ ਦੀ ਖਿੱਲੀ ਉਡਾ ਰਹੇ ਹਨ। ਅਜਿਹੇ ਗੀਤਕਾਰ ਸਮਾਜਿਕ/ ਸੱਭਿਆਚਾਰਕ ਕਦਰਾਂ-ਕੀਮਤਾਂ ਪ੍ਰਤੀ ਚੇਤੰਨ ਹੋਣ ਦੇ ਬਾਵਜੂਦ ਇਨ੍ਹਾਂ ਨੂੰ ਢਾਹ ਲਾਉਣ ਤੋਂ ਗੁਰੇਜ਼ ਨਹੀਂ ਕਰਦੇ। ਦੂਜੀ ਵੱਡੀ ਗੱਲ ਇਹ ਹੈ ਕਿ ਪੰਜਾਬੀ ਲੋਕ ਅਜਿਹੀ ਭੱਦੀ ਸ਼ਬਦਾਵਲੀ ਵਾਲੇ ਗੀਤਾਂ ਦਾ ਵਿਰੋਧ ਕਰਨ ਦੀ ਥਾਂ ਸਵੀਕਾਰ ਕਰ ਰਹੇ ਹਨ। ਬਹੁਤੇ ਪੰਜਾਬੀ ਗਾਇਕ ਨਾਮਣਾ ਖੱਟਣ ਦੀ ਚਾਹਤ ਵਿੱਚ ਅਜਿਹੇ ਗੀਤਾਂ ਨੂੰ ਹੀ ਤਰਜੀਹ ਦੇ ਰਹੇ ਹਨ।

ਅਜੋਕੇ ਪੰਜਾਬੀ ਗੀਤਾਂ ਵਿੱਚ ਜੋ ਪਰਿਵਰਤਨ ਹੋਇਆ ਹੈ ਉਸ ਨੂੰ ਪੰਜਾਬੀ ਪਹਿਰਾਵੇ ਦੀ ਪੇਸ਼ਕਾਰੀ ਦੇ ਪੱਖ ਤੋਂ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਇਸ ਸਮੇਂ ਪੰਜਾਬੀ ਗੀਤਾਂ ਵਿੱਚ ਪੱਗ, ਕੁੜਤਾ-ਚਾਦਰਾ, ਦੁਪੱਟਾ, ਵੰਗਾਂ, ਛੱਲਾ, ਪੰਜੇਬਾਂ, ਕੈਂਠਾ, ਜੁੱਤੀ ਆਦਿ ਦੀ ਥਾਂ ਟੈਟੂ, ਬੈਲੀ-ਬਟਨ, ਛੱਲੇ ਜਿੱਡੇ ਲੱਕ, ਵਾਲਾਂ ਦੇ ਟੇਢੇ ਕੱਟ, ਉਚੀ ਅੱਡੀ ਹੀਲ ਆਦਿ ਨੇ ਲੈ ਲਈ ਹੈ।

* ਨੀਂ ਤੂੰ ਹਿੱਕ ਉਤੇ ਟੈਟੂ ਬਣਵਾਈ ਫਿਰਦੀ
ਚੰਡੀਗੜ੍ਹ ਦੀ ਮੁੰਡ੍ਹੀਰ ਪਿੱਛੇ ਲਾਈ ਫਿਰਦੀ

* ਵਾਲ ਰੰਗਵਾ ਕੇ ਨਾਲ ਟੈਟੂ ਖੁਣਵਾ ਕੇ,
ਮੁੰਡੇ ਦਾ ਧਿਆਨ ਸਾਰਾ ਫੰਕੀ ਲੁੱਕ ਉੱਤੇ

* ਲੱਕ ਤਿਲਕਦਾ ਜਾਵੇ ਤੇਰਾ,
ਹਾਏ ਨੀਂ ਕਸੂਰ ਏ ਸਾਰਾ,
ਉਚੀ ਅੱਡੀਆਂ ਦਾ

ਇੱਥੋ ਪੰਜਾਬੀ ਮੁਟਿਆਰ ਦਾ ਪੱਛਮੀ ਢੰਗ ਦਾ ਪਹਿਰਾਵਾਂ ਅਤੇ ਉਸੇ ਤਰ੍ਹਾਂ ਦੀ ਸਜਾਵਟ ਉਸਦਾ ਮਾਣ ਵਧਾ ਰਹੀ ਹੈ। ਮਸਲਾ ਕੇਵਲ ਪੱਛਮੀ ਪਹਿਰਾਵੇ ਦਾ ਨਹੀਂ, ਨੈਤਿਕ ਕਦਰਾਂ ਕੀਮਤਾਂ ਦੇ ਰਸਾਤਲ ਵੱਲ ਜਾਣ ਦਾ ਵੀ ਹੈ। ਪਰਿਵਰਤਨ ਬੁਰਾ ਨਹੀਂ, ਪਰ ਇਹ ਨਿਘਾਰ ਵੱਲ ਲੈ ਜਾਣ ਵਾਲਾ ਨਾ ਹੋਵੇ। ਪੰਜਾਬੀ ਗੀਤਾਂ ਵਿੱਚ ਜੋ ਸ਼ਬਦ ਔਰਤ ਲਈ ਵਰਤੇ ਜਾ ਰਹੇ ਹਨ, ਉਹ ਵੀ ਉਸਾਰੂ ਸੋਚ ਦਾ ਪ੍ਰਗਟਾਵਾ ਨਹੀਂ ਕਰਦੇ। ਇਹ ਔਰਤ ਦੀ ਹਸਤੀ ਨੂੰ ਮਰਦ ਸਾਹਵੇਂ ਨੀਵਾਂ ਦਿਖਾਉਣ ਦਾ ਯਤਨ ਹਨ। ਹੈਰਾਨੀ ਇਸ ਗੱਲ ਦੀ ਹੈ ਕਿ ਪੰਜਾਬੀ ਔਰਤ ਨੇ ਵੀ ਇਸ ਨੂੰ ਸਵੀਕਾਰ ਕਰ ਲਿਆ ਹੈ। ਅਜੋਕੇ ਗੀਤਾਂ ਵਿੱਚ ਪਟੋਲਾ, ਪੁਰਜਾ, ਅੱਗ, ਬੰਬ ਆਦਿ ਸ਼ਬਦਾਂ ਰਾਹੀਂ ਔਰਤ ਦੀ ਸ਼ਖ਼ਸੀਅਤ ਦੀ ਪੇਸ਼ਕਾਰੀ ਕੀਤੀ ਜਾ ਰਹੀ ਹੈ-

* ਦੇਖ-ਦੇਖ ਮੁੰਡਿਆਂ ਦੀ ਜਾਨ ਨਿਕਲੇ
ਨਿਕਲੇ ਜਦੋਂ ਵੀ ਜੱਟੀ ਅੱਗ ਬਣਕੇ

* ਮੁੰਡੇ ਮੈਨੂੰ ਕਹਿੰਦੇ ਨੇ ਕਿਲਿੰਗ ਪਟੋਲਾ।

ਔਰਤ ਆਪਣਾ ਆਪ ਨੂੰ ਮਰਦਾਵੀਂ ਤੱਕਣੀ ਰਾਹੀਂ ਦੇਖ ਰਹੀ ਹੈ। ਮਰਦ ਪ੍ਰਧਾਨ ਸਮਾਜ ਵਿੱਚ ਪਰਵਾਨ ਚੜ੍ਹਨ ਲਈ ਆਪਣੀ ਦਿੱਖ ਨੂੰ ਕਾਮੁਕ ਬਣਾਉਣ ਦੇ ਆਹਰ ਲੱਗੀ ਉਹ ਆਪਣੀ ਵੱਖਰੀ ਪਛਾਣ ਭੁੱਲ ਗਈ ਜਾਪਦੀ ਹੈ। ਪੰਜਾਬ ਦੀ ਮਾਣਮੱਤੀ ਮੁਟਿਆਰ ਉਸਦਾ ਆਦਰਸ਼ ਨਹੀਂ ਹੈ, ਸਗੋਂ ਉਸ ਦੇ ਆਦਰਸ਼ ਬੌਲੀਵੁੱਡ ਜਾਂ ਹੌਲੀਵੁੱਡ ਬਣ ਗਏ ਹਨ-

ਮਾਰ ਨਜ਼ਰ ਮੈਂ ਡਿਸਕੋ ਵਿਚ ਦੀ,
ਵੇਖੀ ਜੁਗਨੀ ਸੁਲਫ਼ਾ ਖਿੱਚਦੀ।
ਜਾਵੇ ਨਾਗਣ ਵਾਂਗੂੰ ਵਿਛਦੀ,
ਟੈਟ ਜਿਹੀ ਹੋ ਕੇ ਅੱਖਾਂ ਮਿਚਦੀ ਐ,
ਫਿਰ ਰਾਤ ਹੋਸਟਲੋਂ ਬਾਹਰ ਲੰਘੇ,
ਸੰਗ ਰੋਜ਼ ਨਵੇਂ ਦਿਲਦਾਰ ਲੰਘੇ।

ਦੂਜੇ ਪਾਸੇ ਅਜਿਹੇ ਗੀਤ ਬਹੁਤ ਘੱਟ ਹਨ, ਜਿਨ੍ਹਾਂ ਵਿੱਚ ਔਰਤ ਦੀ ਪੇਸ਼ਕਾਰੀ ਸਮਾਜਿਕ/ ਸੱਭਿਆਚਾਰਕ ਪੱਧਰ ਉੱਤੇ ਬੜੇ ਮਾਣ ਵਾਲੀ ਹੋਵੇ ਅਤੇ ਜਿਸ ਨਾਲ ਪੰਜਾਬੀ ਪਛਾਣ ਬਰਕਰਾਰ ਰਹੇ-

ਸਿੱਧੀ-ਸਾਧੀ ਜੱਟੀ ਸਾਡੀ ਪਰੀਆਂ ਤੋਂ ਸੋਹਣੀ
ਅਸੀਂ ਕੀ ਲੈਣੈ ਕਿਸੇ ਦੇ ਮੁੱਖ ਸ਼ਿੰਗਾਰੇ ਤੋਂ ਮਿੱਤਰਾ

ਅੱਜਕੱਲ੍ਹ ਪੰਜਾਬੀ ਗੀਤਕਾਰ ਆਪਣੇ ਦਿੱਲੀ ਭਾਵਾਂ ਜਾਂ ਅਹਿਸਾਸਾਂ ਨੂੰ ਸਹਿਜ ਰੂਪ ਵਿੱਚ ਪੇਸ਼ ਨਹੀਂ ਕਰਦੇ, ਸਗੋਂ ਅਜਿਹੇ ਗੀਤ ਲਿਖ ਰਹੇ ਹਨ, ਜੋ ਮਾਰਕੀਟ ਵਿੱਚ ਵਿਕ ਸਕਦੇ ਹੋਣ। ਇਹ ਵੀ ਵਿਡੰਬਨਾ ਹੈ ਕਿ ਇੱਕ ਪਾਸੇ ਮੰਡੀ ਦੀ ਲੋੜ ਮੁੱਖ ਰੱਖ ਕੇ ਗੀਤ ਲਿਖੇ ਜਾ ਰਹੇ ਹਨ ਅਤੇ ਇਸ ਦੇ ਸਮਵਿਥ ਮਨੁੱਖੀ ਸਰੋਕਾਰਾਂ, ਪੰਜਾਬੀ ਸੱਭਿਆਚਾਰ ਅਤੇ ਔਰਤ ਦੀ ਮਾੜੀ ਦਸ਼ਾ ਦਾ ਜ਼ਿਕਰ ਵੀ ਕੀਤਾ ਜਾ ਰਿਹਾ ਹੈ। ਬਹੁਤੇ ਪੰਜਾਬੀ ਗੀਤਕਾਰ ਅਜਿਹੇ ਦੋਹਰੇ ਮਾਪਦੰਡਾਂ ਨੂੰ ਹੀ ਆਪਣਾ ਰਹੇ ਹਨ ਜਿਵੇਂ ਕਿ ਪੰਜਾਬੀ ਗਾਇਕਾਂ ਦਾ ਮਿਰਜ਼ਾ ਅਖਵਾਉਣ ਵਾਲਾ ਗਾਇਕ ਆਪਣੇ ਇੱਕ ਗੀਤ ਰਾਹੀਂ ਔਰਤ ਨੂੰ ਇੱਕ ਭੋਗਣ ਯੋਗ ਵਸਤੂ ਤੱਕ ਸੀਮਤ ਕਰ ਦਿੰਦਾ ਹੈ-



ਪਹਿਲਾਂ ਪੈੱਗ ਲਾ ਕੇ ਪਾਵਾਂ ਅੱਖਾਂ ਵਿੱਚ ਅੱਖਾਂ,
ਦੂਜਾ ਪੈੱਗ ਲਾ ਕੇ ਹੱਥ ਕਾਲਜੇ ਉੱਤੇ ਰੱਖਾਂ,
ਤੀਜਾ ਪੈੱਗ ਲਾ ਕੇ ਗੱਲਬਾਤ ਕਰਨੀ,
ਚੌਥਾ ਪੈੱਗ ਲਾ ਕੇ ਤੇਰੀ ਬਾਂਹ ਫੜਨੀ।

ਇੱਥੇ ਗੀਤਕਾਰ ਇੱਕ ਅਜਿਹੇ ਪੰਜਾਬੀ ਮਰਦ ਦੀ ਪੇਸ਼ਕਾਰੀ ਕਰ ਰਿਹਾ ਹੈ ਜੋ ਨਸ਼ੇ ਵਿੱਚ ਧੁੱਤ ਹੋ ਕੇ ਜਿਸਮੀ ਭੁੱਖ ਦੀ ਪੂਰਤੀ ਲਈ ਔਰਤ ਨੂੰ ਆਪਣਾ ਸ਼ਿਕਾਰ ਬਣਾਉਣਾ ਚਾਹੁੰਦਾ ਹੈ ਅਤੇ ਨਸ਼ਿਆਂ ਦਾ ਸਹਾਰਾ ਲੈ ਕੇ ਆਪਣੀ ਨਕਲੀ ਨਿੱਡਰਤਾ ਨਾਲ ਔਰਤ ਨੂੰ ਵੱਸ ਵਿੱਚ ਕਰਨ ਦੀ ਗੱਲ ਕਰਦਾ ਹੈ। ਦੂਜੇ ਪਾਸੇ ਆਪ ਹੀ ਇੱਕ ਹੋਰ ਗੀਤ ਰਾਹੀਂ ਪੰਜਾਬੀ ਔਰਤ ਦੀ ਤਰਾਸਦਿਕ ਸਥਿਤੀ ਨੂੰ ਚਿਤਰਦਾ ਹੈ-

ਮਾਵਾਂ ਦੀ ਜਵਾਨੀ ਖਾ ਗਈ
ਬਾਪੂਆਂ ਦੀ ਚੰਦਰੀ ਸ਼ਰਾਬ।

ਅਜਿਹੇ ਦੁਚਿੱਤੀ ਦਾ ਸ਼ਿਕਾਰ ਪੰਜਾਬੀ ਦੇ ਹੋਰ ਵੀ ਬਹੁਤ ਗੀਤਕਾਰ ਹਨ। ਦੌਲਤ ਤੇ ਸੋਹਰਤ ਪ੍ਰਾਪਤ ਕਰਨ ਲਈ ਇਹ ਵਰਗ ਇੱਕ ਦੂਜੇ ਨੂੰ ਕੱਟਣ ਦੀ ਘੋੜ-ਦੌੜ ਵਿੱਚ ਲੱਗਾ ਹੋਇਆ ਹੈ।

ਪੰਜਾਬੀ ਲੋਕ-ਗੀਤਾਂ ਵਿੱਚ ਪੰਜਾਬੀਆਂ ਦੇ ਜਜ਼ਬਿਆਂ, ਭਾਵਾਂ, ਵਲਵਲਿਆਂ ਦੀ ਭਰਪੂਰ ਪੇਸ਼ਕਾਰੀ ਹੋਈ ਹੈ। ਇਨ੍ਹਾਂ ਵਿੱਚ ਪੰਜਾਬੀ ਪ੍ਰੀਤ-ਗਾਥਾਵਾਂ ਦਾ ਜ਼ਿਕਰ ਆਉਂਦਾ ਹੈ। ਅਜੋਕੇ ਸਮੇਂ ਵਿੱਚ ਵੀ ਇਸ਼ਕ-ਮੁਹੱਬਤ ਨੂੰ ਗੀਤਾਂ ਦਾ ਮੁੱਖ ਵਿਸ਼ਾ ਬਣਾਇਆ ਜਾ ਰਿਹਾ ਹੈ, ਪਰ ਇਸ ਦੀ ਗੀਤਾਂ ਵਿੱਚ ਪਛਾਣ ਪਹਿਲਾਂ ਵਾਲੀ ਨਜ਼ਰ ਨਹੀਂ ਪੈਂਦੀ। ਇਸ ਸਮੇਂ ਪੰਜਾਬੀ ਗੀਤਾਂ ਵਿੱਚ ਪਿਆਰ ਦਾ ਮਤਲਬ ਸਿਰਫ਼ ਕਾਮ ਪੂਰਤੀ ਤੱਕ ਸੀਮਤ ਹੋ ਰਿਹਾ ਹੈ। ਇਸ ਦਾ ਸਰੂਪ ਭਾਵਾਂ ਤੋਂ ਵਸਤੂ ਰੂਪ ਵਿੱਚ ਤਬਦੀਲ ਹੋ ਰਿਹਾ ਹੈ। ਵੱਡੀਆਂ ਗੱਡੀਆਂ (ਜੈਗੁਆਰ, ਲੈਂਬਰਗਿਨੀ, ਪਰਾਡੋ) ਮੋਬਾਈਲ (ਆਈਫ਼ੋਨ) ਫੇਸਬੁੱਕ, ਬੁਲਿਟ, ਚੰਡੀਗੜ੍ਹ, ਮਹਿੰਗੇ ਬ੍ਰਾਂਡ (ਗੁੱਚੀ, ਅਰਮਾਨੀ) ਹਥਿਆਰ (ਗੰਨ, ਪਿਸਟਲ) ਅੱਜ ਦੇ ਇਸ਼ਕ-ਮੁਹੱਬਤ ਦੇ ਗੀਤਾਂ ਦੇ ਪਛਾਣ ਹਨ। ਪਿਆਰ ਜਿੱਤਣ ਲਈ ਪਦਾਰਥਕ ਵਸਤਾਂ ਦਾ ਦਿਖਾਵਾ ਅਤੇ ਹਥਿਆਰਾਂ ਦਾ ਡਰਾਵਾਂ ਜ਼ਰੂਰੀ ਪ੍ਰਤੀਤ ਹੋ ਰਿਹਾ ਹੈ-

* ਕੁੜੀ ਕਹਿੰਦੀ ਬੇਬੀ ਪਹਿਲਾਂ ਜੈਗੁਆਰ ਲੈ ਲਓ,
ਫੇਰ ਜਿੰਨਾ ਮਰਜ਼ੀ ਪਿਆਰ ਲੈ ਲਓ।

* ਗੱਡੀ ਵਿੱਚ ਦੁਨਾਲੀ ਰੱਖਾਂ ਬਾਰ੍ਹਾਂ ਬੋਰ ਦੀ,
ਡੱਬ ਵਿੱਚ ਬੰਦੂਕ ਦਾ ਮੈਂ ਬੱਚਾ ਰੱਖਦਾ।

ਪ੍ਰੇਮਿਕਾ ਦੀਆਂ ਮੰਗਾਂ ਬਦਲ ਗਈਆਂ ਹਨ। ਇਹ ਪਿਆਰ ਜ਼ਿੰਦ ਦੀ ਥਾਂ ਪਦਾਰਥਕ ਪੂਰਤੀ ਨਾਲ ਵਧੇਰੇ ਜੁੜੀਆਂ ਹੋਈਆਂ ਹਨ। ਪ੍ਰੇਮਿਕਾ ਦੁਆਰਾ ਪ੍ਰੇਮੀ ਤੋਂ ਕੀਤੀਆਂ ਮੰਗਾਂ ਦੀ ਪੂਰਤੀ ਅਜੋਕਾ ਆਸ਼ਕ ਆਪਣੀ ਡੋਲਦੀ ਆਰਥਿਕਤਾ ਕਾਰਨ ਨਹੀਂ ਕਰ ਸਕਦਾ, ਇਸ ਲਈ ਉਹ ਪਿਆਰ ਨੂੰ ਨਿਭਾਉਣ ਤੋਂ ਅਸਮਰੱਥ ਜਾਪਦਾ ਹੈ-

ਤੈਨੂੰ ਬੈਲੈਂਸ ਕਰਾ ਨੀਂ ਸਕਦਾ
ਤੂੰ ਔਖੀ-ਸੌਖੀ ਸਾਰ ਨੱਢੀਏ।
ਤੇਰੇ ਯਾਰ ਨੂੰ ਤਾਂ ਨੰਗਪੁਣੇ ਦਾ
ਚੜ੍ਹ ਗਿਆ ਬੁਖ਼ਾਰ ਨੱਢੀਏ।

ਸਕੂਲਾਂ-ਕਾਲਜਾਂ ਵਿੱਚ ਪੜ੍ਹਨ ਵਾਲੇ ਮੁੰਡੇ-ਕੁੜੀਆਂ ਪਦਾਰਥਕ ਸਾਧਨਾਂ ਜਿਵੇਂ ਗੱਡੀਆਂ, ਬ੍ਰਾਂਡ ਆਦਿ ਨੂੰ ਆਪਣੀ ਪਿਆਰ ਪੂਰਤੀ ਦਾ ਸਾਧਨ ਮੰਨਦੇ ਹਨ। ਇਹ ਪੜ੍ਹਨ ਵਾਲਾ ਵਰਗ ਹੀ ਗੀਤਕਾਰਾਂ ਦੇ ਨਿਸ਼ਾਨੇ ਉੱਤੇ ਹੈ। ਏਦਾਂ ਦਾ ਮਾਹੌਲ ਬਣ ਗਿਆ ਹੈ ਕਿ ਕਾਲਜ ਵਿੱਦਿਅਕ ਸੰਸਥਾਵਾਂ ਦੀ ਬਜਾਏ ਆਸ਼ਕੀ ਦੇ ਅੱਡੇ ਜਾਪਣ ਲੱਗ ਪਏ ਹਨ। ਫਿਰ ਇਹ ਆਸ਼ਕੀ ਨਿਭਾਉਣ ਨਾਲੋਂ ਦਿਖਾਉਣ ਵਾਲੀ ਵਸਤ ਵਧੇਰੇ ਜਾਪਦੀ ਹੈ-

ਤੇਰੇ ਪਿੱਛੇ ਕਾਲਜ ਵਿੱਚ ਲਿਆ ਦਾਖਲਾ,
ਸਾਨੂੰ ਕਿੱਥੇ ਸ਼ੌਕ ਸੀ ਪੜ੍ਹਾਈ ਦਾ।

ਇਹ ਗੀਤ ਪੰਜਾਬੀ ਬੰਦੇ ਦੀ ਪਛਾਣ ਨੂੰ ਵੈਲੀ/ ਬਦਮਾਸ਼ /ਗੁੰਡੇ ਤੱਕ ਜਾਂ ਇਨ੍ਹਾਂ ਸਭ ਗੁਣਾਂ ਵਾਲੇ ਜੱਟ ਤੱਕ ਸੀਮਤ ਕਰ ਰਹੇ ਹਨ। ਨਸ਼ਾ ਪ੍ਰਮੁੱਖ ਰੂਪ ਵਿੱਚ ਪੰਜਾਬੀਆਂ ਦੀਆਂ ਸ਼ਾਨ ਦਾ ਸਿੰਬਲ ਬਣਕੇ ਸਾਹਮਣੇ ਆਉਂਦੇ ਹਨ। ਖਾਸ ਕਰਕੇ ਪੰਜਾਬੀ ਜੱਟ ਜਮਾਤ ਨੂੰ ਗੀਤਾਂ ਵਿੱਚ ਸ਼ਰਾਬ ਜਾਂ ਹੋਰ ਨਸ਼ਿਆਂ ਦਾ ਆਦੀ ਬਣਾ ਕੇ ਪੇਸ਼ ਕੀਤਾ ਜਾ ਰਿਹਾ ਸਗੋਂ ਇਹ ਉਨ੍ਹਾਂ ਦੀ ਵਡਿਆਈ ਹੀ ਸਮਝੀ ਜਾ ਰਹੀ ਹੈ। ਅਜੋਕੇ ਸਮੇਂ ਸ਼ਰਾਬ ਤੋਂ ਇਲਾਵਾ ਪੁਰਾਤਨ ਨਸ਼ਿਆਂ ਅਫੀਮ, ਪੋਸਤ ਆਦਿ ਅਤੇ ਆਧੁਨਿਕ ਨਸ਼ਿਆਂ ਚਿੱਟਾ, ਸਮੈਕ, ਗੋਲੀਆਂ ਆਦਿ ਦਾ ਜ਼ਿਕਰ ਵੀ ਪੰਜਾਬੀਆਂ ਦੇ ਅਵੱਲੇ ਸ਼ੌਕਾਂ ਵਜੋਂ ਕੀਤਾ ਜਾ ਰਿਹਾ ਹੈ-

* ਦਾਰੂ ਪੀਣੀ ਮੁਰਗੇ ਖਾਣੇ ਸਾਡੇ ਸ਼ੌਕ ਅਵੱਲੇ ਨੇ
ਜੱਟਾਂ ਦੇ ਪੁੱਤ ਰਹਿਣਾ ਚਾਹੁੰਦੇ ਕੱਲਮਕੱਲੇ ਨੇ।

* ਬਾਡਰ ਨੀਂ ਟੱਪਦਾ ਚਿੱਟਾ ਮੁੰਡਾ ਲੁਧਿਆਣੇ 'ਡੀਕ ਦਾ।

ਇਸ ਤਰ੍ਹਾਂ ਪੰਜਾਬੀਆਂ ਦੀ ਪਛਾਣ ਇੱਕ ਨਸ਼ੱਈ ਅਤੇ ਗੁੰਡਾ ਕੌਮ ਵਜੋਂ ਕਰਵਾਈ ਜਾ ਰਹੀ ਹੈ, ਪਰ ਅਜੋਕੇ ਸਮੇਂ ਵਿੱਚ ਇਸ ਦੇ ਸਮਵਿਥ ਕੁਝ ਅਜਿਹੇ ਗੀਤ ਵੀ ਪੇਸ਼ ਹੋ ਰਹੇ ਹਨ ਜੋ ਪੰਜਾਬੀ ਲੋਕਾਂ ਨੂੰ ਨਸ਼ਿਆਂ ਤੋਂ ਗੁਰੇਜ਼ ਕਰਨ ਲਈ ਪ੍ਰੇਰਿਤ ਕਰਦੇ ਹਨ। ਨਸ਼ਿਆਂ ਦੇ ਵਧਦੇ ਪ੍ਰਭਾਵ ਕਾਰਨ ਨੌਜਵਾਨ ਪੀੜ੍ਹੀ ਮਾਨਸਿਕ ਅਤੇ ਸਰੀਰਕ ਦੋਹਾਂ ਪੱਖਾਂ ਤੋਂ ਅਪੰਗ ਹੁੰਦੀ ਜਾ ਰਹੀ ਹੈ। ਜਿਸ ਕਾਰਨ ਪੰਜਾਬੀ ਲੋਕਾਂ ਦੀ ਧਾਂਕ ਅੱਜ ਖ਼ਤਮ ਹੁੰਦੀ ਜਾਪਦੀ ਹੈ-

ਚਿੱਟਾ, ਸੁਲਫਾ, ਸਿਗਰਟ, ਬੀੜੀ
'ਗਾਂਹ ਵਧਣੀ ਨੀਂ ਕੋਈ ਪੀੜ੍ਹੀ
ਬਚਣੇ ਸੱਪ ਕਿਰਲੇ ਤੇ ਕੀੜੀ
ਜੇ ਜਵਾਨੀਆਂ ਰੁਲ ਗਈਆਂ

ਵਿਸ਼ਵੀਕਰਨ ਦੀ ਪ੍ਰਕਿਰਿਆ ਵਿੱਚ ਕੋਈ ਵੀ ਸੱਭਿਆਚਾਰ ਜਾਂ ਸਾਹਿਤਕ ਵਿਧਾ ਸ਼ੁੱਧ ਨਹੀਂ ਰਹਿੰਦੇ। ਇਸ ਕਾਰਨ ਪੰਜਾਬੀ ਗੀਤਕਾਰੀ ਦੇ ਮੁਹਾਂਦਰੇ ਵਿੱਚ ਪਰਿਵਰਤਨ ਆ ਰਿਹਾ ਹੈ। ਪੰਜਾਬੀ ਦਾ ਗੀਤ-ਸੰਗੀਤ ਜਿਹੜਾ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਪੇਸ਼ ਕਰਦਾ ਸੀ, ਅੱਜ ਨਿਰੰਤਰ ਬਦਲਦਾ ਜਾ ਰਿਹਾ ਹੈ। ਸਮੇਂ ਦੀਆਂ ਲੋੜਾਂ ਨੇ ਹਰ ਇੱਕ ਆਦਮੀ ਨੂੰ ਸੁਆਰਥੀ ਬਣਾ ਦਿੱਤਾ ਹੈ। ਪਰਉਪਕਾਰ ਦੀ ਨੀਤੀ ਖ਼ਤਮ ਹੁੰਦੀ ਜਾ ਰਹੀ ਹੈ। ਹਰ ਇੱਕ ਵਿਅਕਤੀ ਜਾਇਜ਼-ਨਾਜਾਇਜ਼ ਤਰੀਕੇ ਨਾਲ ਆਪਣੀ ਵੱਖਰੀ ਪਛਾਣ ਬਣਾਉਣਾ ਚਾਹੁੰਦਾ ਹੈ ਅਤੇ ਅਜਿਹਾ ਕਰਨ ਲਈ ਉਹ ਆਪਣੀ ਜਾਨ ਤੋਂ ਛੁੱਟ ਕਿਸੇ ਵੀ ਤਰ੍ਹਾਂ ਦਾ ਬਲੀਦਾਨ ਦੇਣ ਤੋਂ ਗੁਰੇਜ਼ ਨਹੀਂ ਕਰਦਾ। ਇਨ੍ਹਾਂ ਕਾਰਨਾਂ ਕਰਕੇ ਹੀ ਪੰਜਾਬੀ ਗੀਤਕਾਰੀ ਵਿੱਚ ਘੜੀ ਜਾ ਰਹੀ ਪੰਜਾਬੀਅਤ ਵਿਚ ਬਦਲਾਓ ਆ ਰਿਹਾ ਹੈ। ਬਹੁਤੇ ਦੀ ਹੋੜ ਅਤੇ ਸਮੇਂ ਦੀ ਲੋੜ ਨੇ ਪੰਜਾਬੀ ਮਾਨਸਿਕਤਾ ਨੂੰ ਘੁਣ ਵਾਂਗ ਖਾਣਾ ਸ਼ੁਰੂ ਕਰ ਦਿੱਤਾ ਹੈ। ਅਜਿਹੀ ਖ਼ਾਹਿਸ਼ ਦਾ ਸ਼ਿਕਾਰ ਪੰਜਾਬੀ ਬੰਦਾ ਆਪਣੇ ਸਮਾਜ, ਸੱਭਿਆਚਾਰ ਨੂੰ ਗੰਧਲਾ ਕਰ ਰਿਹਾ ਹੈ। ਇਸ ਸਬੰਧੀ ਗੁਰਦਾਸ ਮਾਨ ਦਾ ਗੀਤ ਬੜਾ ਢੁੱਕਵਾਂ ਹੈ-

ਹਰ ਬੰਦੇ ਨੂੰ ਫਿਕਰ ਪਿਆ ਏ ਰੱਤੀ, ਤੋਲੇ, ਮਾਸੇ ਦਾ
ਹਰ ਕੋਈ ਉਏ ਗਾਹਕ ਤਮਾਸ਼ੇ ਦਾ।

# ਕਾਂਗਰਸੀ ਮੰਤਰੀਆਂ ਨੂੰ ਬਰਖ਼ਾਸਤ ਕਰਨ ਲਈ 'ਆਪ' ਪਾਰਟੀ ਵੱਲੋਂ ਗਵਰਨਰ ਨੂੰ ਮੰਗ ਪੱਤਰ



ਚੰਡੀਗੜ੍ਹ, 11 ਅਗਸਤ (ਪੋਸਟ ਬਿਊਰੋ)- ਕਾਂਗਰਸ ਸਰਕਾਰ ਦੇ ਬਦਨਾਮ ਮੰਤਰੀਆਂ ਦੀ ਤੁਰੰਤ ਬਰਖ਼ਾਸਤਗੀ ਦੀ ਮੰਗ ਲਈ ਆਮ ਆਦਮੀ ਪਾਰਟੀਦਾ ਵਫ਼ਦ ਗਵਰਨਰ ਵੀ ਪੀ ਸਿੰਘ ਬਦਨੌਰ ਨੂੰ ਮਿਲਿਆ। ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠਲ ਵਫ਼ਦ ਵਿੱਚ ਵਿਧਾਇਕ ਪ੍ਰਿੰਸੀਪਲ ਬੁੱਧਰਾਮ, ਗੁਰਮੀਤ ਸਿੰਘ ਮੀਤ ਹੇਅਰ, ਕੁਲਵੰਤ ਸਿੰਘ ਪੰਡੋਰੀ, ਮਨਜੀਤ ਸਿੰਘ ਬਿਲਾ-ਸਪੁਰ, ਜੈ ਸਿੰਘ ਰੋੜੀ ਤੇ ਮਾਸਟਰ ਬਲਦੇਵ ਸਿੰਘ ਸ਼ਾਮਲ ਸਨ।

ਇਸ ਵਫ਼ਦ ਨੇ ਗਵਰਨਰ ਨੂੰ ਦਿਤੇ ਮੰਗ ਪੱਤਰ ਵਿੱਚ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ, ਰਾਣਾ ਗੁਰਮੀਤ ਸਿੰਘ ਸੋਢੀ, ਬਲਬੀਰ ਸਿੰਘ ਸਿੱਧੂ, ਸੁੰਦਰ ਸ਼ਾਮ ਅਰੋੜਾ ਅਤੇ ਭਾਰਤ ਭੂਸ਼ਨ ਆਸ਼ੂ ਉੱਤੇ ਬਹੁ ਕਰੋੜੀ ਘੁਟਾਲੇ ਕਰਨ ਦਾ ਦੋਸ਼ ਲਾ ਕੇ ਇਨ੍ਹਾਂ ਨੂੰ ਮੰਤਰੀ ਮੰਡਲ ਵਿੱਚੋਂ ਬਰਖ਼ਾਸਤ ਕਰਨ ਅਤੇ ਇਨ੍ਹਾਂ ਉੱਤੇ ਫ਼ੌਜਦਾਰੀ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ। ਗਵਰਨਰ ਨੂੰ ਮਿਲਣ ਪਿੱਛੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸੱਤਾਧਾਰੀ ਕਾਂਗਰਸ ਦੇ ਅੱਧਾ ਦਰਜਨ ਮੰਤਰੀ ਨਾ ਕੇਵਲ ਭ੍ਰਿਸ਼ਟਾਚਾਰ ਦੇ ਵੱਡੇ ਕੇਸਾਂ ਵਿੱਚ ਘਿਰੇ ਹਨ, ਸਗੋਂ ਬਦਨਾਮ ਹੋ ਚੁੱਕੇ ਹਨ। ਮੁੱਖ ਮੰਤਰੀ ਅਤੇ ਕਾਂਗਰਸ ਹਾਈਕਮਾਨ ਸਮੇਤ ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਜ਼ੁਬਾਨ ਇਨ੍ਹਾਂ ਵਿਰੁੱਧ ਨਹੀਂ ਖੁੱਲ੍ਹੀ, ਕਾਰਵਾਈ ਕਰਨਾ ਤਾਂ ਦੂਰ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਦੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਆਮ ਆਦਮੀ ਪਾਰਟੀ ਨੇ ਇਨ੍ਹਾਂ ਭ੍ਰਿਸ਼ਟ ਮੰਤਰੀਆਂ ਨੂੰ ਬਰਖ਼ਾਸਤ ਕਰਨ ਲਈ ਰਾਜਪਾਲ ਨੂੰ ਬੇਨਤੀ ਕੀਤੀ ਹੈ।

# ਨਾਇਬ ਤਹਿਸੀਲਦਾਰ ਤੇ ਪਟਵਾਰੀ ਦੇ 14 ਅੱਡਿਆਂ ਉਤੇ ਈ ਡੀ ਵੱਲੋਂ ਛਾਪੇ

*** ਸਿਓਂਕ ਪਿੰਡ ਦੀ 1295 ਏਕੜ ਜ਼ਮੀਨ ਦੀ ਗਲਤ ਮੁਟੇਸ਼ਨ ਦਾ ਮਾਮਲਾ**

ਜਲੰਧਰ, 11 ਅਗਸਤ (ਪੋਸਟ ਬਿਊਰੋ)- ਮੋਹਾਲੀ ਦੇ ਸਿਓਂਕ ਪਿੰਡ ਦੀ 1295 ਏਕੜ ਸ਼ਾਮਲਾਟ ਜ਼ਮੀਨ ਦੀ ਗਲਤ ਮੁਟੇਸ਼ਨ ਦੇ ਮਾਮਲੇ ਵਿੱਚ ਈ ਡੀ ਜਲੰਧਰ ਨੇ ਚੰਡੀਗੜ੍ਹ ਤੇ ਪੰਜਾਬ ਵਿੱਚ 14 ਟਿਕਾਣਿਆਂ ਉੱਤੇ ਛਾਪਾ ਮਾਰਿਆ। ਇਹ ਛਾਪਾ ਪ੍ਰੀਵੈਂਸ਼ਨ ਆਫ ਮਨੀ ਲਾਂਡਰਿੰਗ ਐਕਟ (ਪੀ ਐਮ ਐਲ ਏ) ਹੇਠ ਤਤਕਾਲੀ ਨਾਇਬ ਤਹਿਸੀਲਦਾਰ ਵਰਿੰਦਰਪਾਲ ਸਿੰਘ ਧੂਤ, ਪਟਵਾਰੀ ਇਕਬਾਲ ਸਿੰਘ, ਪ੍ਰਾਪਰਟੀ ਡੀਲਰ ਸ਼ਾਮ ਲਾਲ, ਨੰਬਰਦਾਰ ਗੁਰਨਾਮ ਸਿੰਘ ਅਤੇ ਹੋਰਨਾਂ ਖਿਲਾਫ 1295 ਏਕੜ ਸ਼ਾਮਲਾਟ ਦਾ ਗਲਤ ਮੁਟੇਸ਼ਨ ਦਰਜ ਕਰਨ ਦੇ ਸਬੰਧ ਵਿੱਚ ਮਾ-ਰਿਆ ਗਿਆ ਹੈ। ਪਿਛਲੇ ਸਾਲ ਨਵੰਬਰ ਵਿੱਚ ਵਿਜੀਲੈਂਸ ਨੇ ਇਸ ਸਬੰਧੀ ਮਾਮਲਾ ਦਰਜ ਕੀਤਾ ਸੀ। ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਇਸੇ ਸਾਲ ਮਾਰਚ ਵਿੱਚ ਇਨਫੋਰਸਮੈਂਟ ਕੇਸ ਦੀ ਇਨਫਰਮੇਸ਼ਨ ਰਿਪੋਰਟ (ਈ ਸੀ ਆਈ ਆਰ) ਵੀ ਦਰਜ ਕੀਤੀ ਸੀ। ਕੱਲ੍ਹ ਈ ਡੀ ਦੀਆਂ ਟੀਮਾਂ ਨੇ ਚੰਡੀਗੜ੍ਹ ਵਿੱਚ ਧੂਤ ਦੀ ਰਿਹਾਇਸ਼, ਪਟਵਾਰੀ ਅਤੇ ਪ੍ਰਾਪਰਟੀ ਡੀਲਰਾਂ ਦੇ ਮੋਹਾਲੀ ਵਿੱਚ ਛੇ ਥਾਵਾਂ ਅਤੇ ਹੁਸ਼ਿਆਰਪੁਰ ਵਿੱਚ ਧੂਤ ਨਾਲ ਸਬੰਧਤ ਦੋ ਥਾਵਾਂ ਅਤੇ ਲੁਧਿਆਣਾ ਵਿੱਚ ਉਸ ਦੇ ਸਹੁਰੇ ਘਰ ਵੀ ਛਾਪਾ ਮਾਰਿਆ। ਇਸ ਛਾਪੇ ਵਿੱਚ ਸ਼ਾਮਲ ਈ ਡੀ ਜਲੰਧਰ ਦੇ ਅਧਿਕਾਰੀਆਂ ਨੇ ਕਿਹਾ ਕਿ ਸਾਰੀਆਂ ਥਾਵਾਂ ਤੋਂ ਦਸਤਾਵੇਜ਼, ਬੈਂਕ ਖਾਤਿਆਂ ਦੀ ਜਾਣਕਾਰੀ ਵਜੋਂ ਕੁਝ ਸਬੂਤ ਮਿਲੇ ਹਨ।

ਕਰੋੜਾਂ ਰੁਪਏ ਦੀ 1295 ਏਕੜ ਸ਼ਾਮਲਾਟ ਜ਼ਮੀਨ ਨੂੰ ਟਿਕਾਣੇ ਲਗਾਉਣ ਵਾਲੇ ਮੋਹਾਲੀ ਦੇ ਤਤਕਾਲੀ ਨਾਇਬ ਤਹਿਸੀਲਦਾਰ ਵਰਿੰਦਰਪਾਲ ਸਿੰਘ ਧੂਤ ਨੇ ਭ੍ਰਿਸ਼ਟਾਚਾਰ ਦਾ ਨੈਟਵਰਕ ਇੰਨਾ ਮਜ਼ਬੂਤ ਬਣਾਇਆ ਹੋਇਆ ਸੀ ਕਿ ਉਸ ਦੇ ਸਾਹਮਣੇ ਅਫਸਰਸ਼ਾਹੀ ਬੌਣੀ ਨਜ਼ਰ ਆਉਂਦੀ ਸੀ। ਤਹਿਸੀਲ ਕੰਪਲੈਕਸ ਵਿੱਚ ਦਿਨ ਦੇ ਬਜਾਏ ਧੂਤ ਦੇਰ ਰਾਤ ਤਕ ਬੈਠ ਕੇ ਰੈਵੇਨਿਊ ਰਜਿਸਟੇਰਸ਼ਨ ਕਰਦਾ ਸੀ। ਸਾਰੀ ਹੇਰਾਫੇਰੀ ਅਫਸਰਸ਼ਾਹੀ ਦੇ ਧਿਆਨ ਵਿੱਚ ਹੋਣ ਦੇ ਬਾਵਜੂਦ ਉਸ ਦੇ ਖਿਲਾਫ ਕਾਰਵਾਈ ਕਰਨ ਦੀ ਹਿੰਮਤ ਕਿਸੇ ਅਧਿਕਾਰੀ ਦੀ ਨਹੀਂ ਸੀ। ਮੋਹਾਲੀ ਦੇ ਜ਼ੀਰਕਪੁਰ ਖੇਤਰ ਦੇ ਨਿੱਜੀ ਬਿਲਡਰਾਂ ਵੱਲੋਂ ਬਣਾਏ ਰਿਹਾਇਸ਼ੀ ਅਤੇ ਕਮਰਸ਼ੀਅਲ ਪ੍ਰੋਜੈਕਟ ਧੂਤ ਦੇ ਨਿਸ਼ਾਨੇ ਉੱਤੇ ਸਨ। ਇਨ੍ਹਾਂ ਦੀ ਰਜਿਸਟੇਰਸ਼ਨ ਦੇ ਲਈ ਧੂਤ ਦੇ ਦਫਤਰ ਤੋਂ ਭ੍ਰਿਸ਼ਟਾਚਾਰ ਦਾ ਰੇਟ ਨਿਕਲਦਾ ਸੀ।

# ਕੈਪਟਨ ਅਤੇ ਪੁੱਤਰ ਵਿਰੁੱਧ ਇਨਕਮ ਟੈਕਸ ਕੇਸ ਦੀ ਸੁਣਵਾਈ ਪਿੱਛੋਂ ਆਦੇਸ਼ ਦੇਣ ਉੱਤੇ ਹਾਈਕੋਰਟ ਵੱਲੋਂ ਰੋਕ



ਚੰਡੀਗੜ੍ਹ, 11 ਅਗਸਤ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਰਣਇੰਦਰ ਸਿੰਘ ਦੇ ਖ਼ਿਲਾਫ਼ ਇਨਕਮ ਟੈਕਸ ਦੇ ਡਿਪਟੀ ਡਾਇਰੈਕਟਰ ਵੱਲੋਂ ਹਾਈਕੋਰਟ ਵਿੱਚ ਕੀਤੇ ਹੋਏ ਕੇਸ ਦੀ ਸੁਣਵਾਈ ਦੌਰਾਨ ਹਾਈਕੋਰਟ ਨੇ ਇਨਕਮ ਟੈਕਸ ਦੀਆਂ ਮੁੱਖ ਕੇਸਦੀਆਂ ਅਰਜ਼ੀਆਂ ਬਾਰੇ ਟਰਾਇਲ ਕੋਰਟ ਨੂੰ ਆਦੇਸ਼ ਹਨ ਕਿ ਕੇਸ ਵਿੱਚ ਸੀ ਜੇ ਐਮ ਨੂੰ ਸਬੰਧਤ ਸ਼ਿਕਾਇਤ ਉੱਤੇ ਆਦੇਸ਼ ਜਾਰੀ ਨਹੀਂ ਕਰਨਾ ਚਾਹੀਦਾ। ਇਨਕਮ ਟੈਕਸ ਵੱਲੋਂ ਸ਼ੱਕ ਕੀਤਾ ਗਿਆ ਸੀ ਕਿ ਟਰਾਇਲ ਕੋਰਟ ਇਸ ਕੇਸ ਵਿੱਚ ਰਿਵਿਜ਼ਨਲ ਕੋਰਟ ਵੱਲੋਂ 27 ਨਵੰਬਰ 2018 ਦੀਆਂ ਆਬਜ਼ਰਵੇਸ਼ਨਾਂ ਮੁਤਾਬਕ ਤਾਜ਼ਾ ਆਦੇਸ਼ ਜਾਰੀ ਕਰ ਸਕਦੀ ਹੈ। ਹੇਠਲੀ ਅਦਾਲਤ ਵੱਲੋਂ ਇਨਕਮ ਟੈਕਸ ਕੇਸ ਵਿੱਚ ਕੈਪਟਨ ਤੇ ਉਨ੍ਹਾਂ ਦੇ ਬੇਟੇ ਨੂੰ ਸੰਮਨ ਭੇਜੇ ਗਏ ਸਨ। ਉਨ੍ਹਾਂ ਆਦੇਸ਼ਾਂ ਨੂੰ ਕੈਪਟਨ ਅਤੇ ਉਨ੍ਹਾਂ ਦੇ ਬੇਟੇ ਨੇ ਸੈਸ਼ਨ ਕੋਰਟ ਵਿੱਚ ਚੁਣੌਤੀ ਦਿੰਦੀ ਪਟੀਸ਼ਨ ਦਾਇਰ ਕੀਤੀ ਸੀ। ਸੈਸ਼ਨ ਕੋਰਟ ਨੇ ਸਮਨਿੰਗ ਆਦੇਸ਼ ਰੱਦ ਕਰ ਦਿੱਤਾ ਸੀ, ਜਿਸ ਦੇ ਖ਼ਿਲਾਫ਼ ਇਨਕਮ ਟੈਕਸ ਹਾਈ ਕੋਰਟ ਪੁੱਜਿਆ ਸੀ। ਹੇਠਲੀ ਅਦਾਲਤ (ਸੈਸ਼ਨ ਕੋਰਟ) ਨੇ ਟਰਾਇਲ ਕੋਰਟ ਨੂੰ ਇਸ ਕੇਸ ਵਿੱਚ ਨਵੇਂ ਸਿਰੇ ਤੋਂ ਵਿਚਾਰ ਕਰਨ ਦੇ ਵੀ ਆਦੇਸ਼ ਦਿੱਤੇ ਸਨ।

ਹਾਈ ਕੋਰਟ ਵਿੱਚ ਇਨਕਮ ਟੈਕਸ ਦੇ ਵਕੀਲ ਨੇ ਕਿਹਾ ਕਿ ਜਦੋਂ ਤਕ ਉਹ ਸੈਸ਼ਨ ਕੋਰਟ ਦੇ ਆਦੇਸ਼ ਨੂੰ ਪੂਰੀ ਤਰ੍ਹਾਂ ਚੁਣੌਤੀ ਨਹੀਂ ਦੇ ਦਿੰਦੇ, ਉਦੋਂ ਤਕ ਟਰਾਇਲ ਕੋਰਟ ਅੱਗੇ ਸੁਣਵਾਈ ਨਾ ਕਰੇ।

# ਬਾਘਾਪੁਰਾਣਾ ਵਿਖੇ ਆਲ ਇੰਡੀਆ ਤ੍ਰਿਣਮੂਲ ਕਾਂਗਰਸ ਦੀ ਮੀਟਿੰਗ



ਮੋਗਾ, 11 ਅਗਸਤ (ਗਿਆਨ ਸਿੰਘ)- ਅੱਜ ਆਲ ਇੰਡੀਆ ਤ੍ਰਿਣਮੂਲ ਕਾਂਗਰਸ ਪਾਰਟੀ ਮੋਗਾ ਦੀ ਹੰਗਾਮੀ ਮੀਟਿੰਗ ਬਾਘਾਪੁਰਾਣਾ (ਨਿਹਾਲ ਸਿੰਘ ਵਾਲਾ ਰੋਡ ) ਵਿਚ ਅਵਤਾਰ ਨਗਰ ਕਾਲੋਨੀ ਵਿੱਖੇ ਹੋਈ। ਜਿਸ ਵਿੱਚ ਪਾਰਟੀ ਦੀਆਂ ਗਤੀਵਿਧੀਆਂ, ਬਠਿੰਡਾ ਵਿਖੇ 16 ਅਗਸਤ ਨੂੰ ਹੋਣ ਵਾਲੀ ਰੈਲੀ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਸੰਬੰਧੀ ਵਿਸਥਾਰ ਪੂਰਬਕ ਚਰਚਾ ਕੀਤੀ ਗਈ। ਇਸ ਮੌਕੇ ਪਾਰਟੀ ਪ੍ਰੀ ਗਤੀਵਿਧੀਆਂ ਤੇ ਕਾਰਗੁਜ਼ਾਰੀ ਨੂੰ ਵੇਖਦਿਆਂ ਅਰੁਣ ਕੁਮਾਰ ਪੁੱਤਰ ਹੰਸ ਰਾਜ ਨੂੰ ਵਾਰਡ ਨੰਬਰ 8 ਦਾ ਇੰਚਾਰਜ ਨਿਯੁਕਤ ਕੀਤਾ ਗਿਆ । ਓਹਨਾ ਵੱਲੋਂ ਵਿਸ਼ਵਾਸ਼ ਦੁਆਇਆ ਗਿਆ ਕਿ ਜੋ ਜੁੰਮੇਵਾਰੀ ਪਾਰਟੀ ਨੇ ਸੌਂਪੀ ਹੈ ਉਹ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਈ ਜਾਵੇਗੀ। ਇਸ ਮੌਕੇ ਹਾਜਰ ਪਾਰਟੀ ਵਰਕਰ ਮੀਡੀਆ ਆਈ ਟੀ ਸੈੱਲ ਪੰਜਾਬ ਪ੍ਰਧਾਨ ਗੁਰਪ੍ਰੀਤ ਗੈਰੀ ਕੰਬੋਜ, ਸ਼ਹਿਰੀ ਪ੍ਰਧਾਨ ਰਾਜੀਵ ਅਰੋੜਾ, ਟੀ ਐਮ ਸੀ ਯੂਥ ਜਿਲਾ ਪ੍ਰਧਾਨ ਮੰਗਲਦੀਪ ਸਿੱਧੂ, ਹੈਪੀ ਯੂਥ ਪਾਰਟੀ ਆਗੂ ਮੋਗਾ, ਬਾਘਾਪੁਰਾਣਾ ਤੋ ਹਲਕਾ ਇੰਨਚਾਰਜ ਸੰਦੀਪ ਕੁਮਾਰ, ਸਾਹਿਲ,ਦੀਪਕ, ਇੰਦਰਜੀਤ,ਗੱਗੂ, ਮੱਗੂ, ਕਾਲਾ ਹਲਵਾਈ, ਬਿੱਟੂ, ਵਿਸੂ, ਕਰਨ ਕੁਮਾਰ, ਸੁਭਾਸ ਚੰਦਰ, ਹੰਸ ਰਾਜ, ਚਿਮਨ ਲਾਲ, ਹੈਪੀ ਜੋਤ, ਲਵਪ੍ਰੀਤ, ਬਹਾਦਰ, ਮਨੀ, ਰੈਮਪਾ, ਗੋਨੂੰ ਆਦਿ ਯੂਥ ਮੈਂਬਰ ਵੱਡੀ ਗਿਣਤੀ ਵਿਚ ਸ਼ਾਮਲ ਸਨ।

# ਫੋਨ ਉਤੇ ਬਹਿਸ ਪਿੱਛੋਂ ਲੜਕੀ ਦੇ ਘਰ ਵਿੱਚ ਵੜ ਕੇ ਫਾਇਰਿੰਗ



ਜਲੰਧਰ, 11 ਅਗਸਤ (ਪੋਸਟ ਬਿਊਰੋ)- ਇਸ ਸ਼ਹਿਰ ਦੀ ਘਾਹ ਮੰਡੀ ਨੇੜੇ ਬਿੱਲਾ ਕਾਲੋਨੀ ਵਿੱਚ ਦੇਰ ਰਾਤ ਗਰਲ-ਫਰੈਂਡ ਨਾਲ ਨਾਰਾਜ਼ ਨੌਜਵਾਨ ਨੇ ਉਸ ਦੇ ਘਰ ਵਿੱਚ ਵੜ ਕੇ ਫਾਇਰਿੰਗ ਕਰ ਦਿੱਤੀ। ਥਾਣਾ ਭਾਰਗਵ ਕੈਂਪ ਦੀ ਪੁਲਸ ਨੇ ਜਾਂਚ ਵਿੱਚ ਦੋਸ਼ੀ ਪਾਏ ਗਏ ਬਸਤੀ ਬਾਵਾ ਖੇਲ ਦੇ ਵਸਨੀਕ ਮਾਨਿਕ ਬੱਬਰ ਤੇ ਉਸ ਦੇ ਦੋਸਤ ਅਭਿਮੰਨਿਊ ਦੇ ਖਿਲਾਫ ਕਤਲ ਦੀ ਕੋਸ਼ਿਸ਼ ਅਤੇ ਆਰਮਜ਼ ਐਕਟ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

ਡੀ ਸੀ ਪੀ ਇਨਵੈਸਟੀਗੇਸ਼ਨ ਗੁਰਮੀਤ ਸਿੰਘ ਨੇ ਦੱਸਿਆ ਕਿ ਦੇਰ ਰਾਤ ਬਿਰਲਾ ਕਾਲੋਨੀ ਦੇ ਰਹਿਣ ਵਾਲੇ ਇੱਕ ਨੌਜਵਾਨ ਨੇ ਥਾਣੇ ਵਿੱਚ ਫਾਇਰਿੰਗ ਦੀ ਰਿਪੋਰਟ ਦਰਜ ਕਰਵਾਈ ਸੀ, ਜਿਸ ਪਿੱਛੋਂ ਥਾਣਾ ਭਾਰਗਵ ਕੈਂਪ ਦੀ ਪੁਲਸ ਨੇ ਮੌਕੇ ਉੱਤੇ ਪਹੁੰਚ ਕੇ ਮੁਆਇਨਾ ਕੀਤਾ ਅਤੇ ਜਾਂਚ ਸ਼ੁਰੂ ਕੀਤੀ ਤਾਂ ਇਹ ਗੱਲ ਸਾਹਮਣੇ ਆਈ ਕਿ ਪੀੜਤ ਨੌਜਵਾਨ ਦੀ ਭੈਣ ਦੇ ਮਾਨਿਕ ਬੱਬਰ ਨਾਲ ਰਿਲੇਸ਼ਨ ਖਰਾਬ ਹੋ ਗਏ ਸਨ। ਸੋਮਵਾਰ ਰਾਤ ਮਾਨਿਕ ਦੀ ਉਕਤ ਲੜਕੀ ਨਾਲ ਕਿਸੇ ਗੱਲ ਬਾਰੇ ਬਹਿਸ ਹੋ ਗਈ। ਇਸ ਦੇ ਬਾਅਦ ਦੋਸ਼ੀ ਨੇ ਧਮਕੀ ਦਿੱਤੀ ਤੇ ਉਨ੍ਹਾਂ ਦੇ ਘਰ ਆ ਗਿਆ। ਇੱਕ ਗੋਲੀ ਲੜਕੀ ਦੇ ਘਰ ਦੇ ਅੰਦਰ ਚਲਾਈ ਤਾਂ ਦੂਸਰੀ ਘਰ ਦੇ ਬਾਹਰ। ਪੁਲਸ ਨੇ ਸੱਤ ਘੰਟੇ ਬਾਅਦ ਦੋਵਾਂ ਦੋਸ਼ੀਆਂ ਦੀ ਪਛਾਣ ਕਰ ਕੇ ਪਰਚਾ ਦਰਜ ਕੀਤਾ। ਡੀ ਸੀ ਪੀ ਨੇ ਦੱਸਿਆ ਕਿ ਜਲਦੀ ਹੀ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਜਾਏਗਾ।

# ਨਰਸਿੰਗ ਐਸੋਸੀਏਸ਼ਨ ਆਪਣੀਆਂ ਮੰਗਾਂ ਮਨਵਾਉਣ ਲਈ ਸਿਰ ਧੜ ਦੀ ਬਾਜ਼ੀ ਲੜੇਗੀ: ਪਰਮਜੀਤ ਸੰਧੂ



ਲੁਧਿਆਣਾ, 11 ਅਗਸਤ (ਗਿਆਨ ਸਿੰਘ)- ਅੱਜ ਪੰਜਾਬ ਸਟੇਟ ਨਰਸਿੰਗ ਐਸੋਸੀਏਸ਼ਨ ਦੀ ਮੀਟਿੰਗ ਲੁਧਿਆਣਾ ਵਿਖੇ ਨਰਸਿੰਗ ਐਸੋਸੀਏਸ਼ਨ ਦੇ ਪ੍ਰਧਾਨ ਸ਼੍ਰੀਮਤੀ ਸ਼ਮਿੰਦਰ ਕੌਰ ਘੁੰਮਣ, ਪਰਮਜੀਤ ਕੌਰ ਸੰਧੂ, ਮਨਜੀਤ ਕੌਰ ਧਾਲੀਵਾਲ, ਦੀ ਅਗਵਾਈ ਹੇਠ ਵੱਖ ਵੱਖ ਜ਼ਿਲ੍ਹਿਆਂ ਤੋਂ ਆਏ ਹੋਏ ਪ੍ਰਧਾਨਾਂ ਦੀ ਮੌਜੂਦਗੀ ਵਿੱਚ ਹੋਈ ।

ਇਸ ਮੀਟਿੰਗ ਵਿਚ ਹਰ ਇਕ ਜ਼ਿਲ੍ਹੇ ਤੋਂ ਆਏ ਹੋਏ ਨੁਮਾਇੰਦਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ । ਨਰਸਿੰਗ ਕੇਡਰ ਲਈ ਸਰਕਾਰ ਦੀਆਂ ਮਾਰੂ ਨੀਤੀਆਂ ਬਾਰੇ ਚਾਨਣਾ ਪਾਇਆ ਗਿਆ ਅਤੇ ਜੋ ਵੀ ਸਰਕਾਰ ਨੇ ਨਰਸਿੰਗ ਕੇਡਰ ਨੂੰ ਪੇ ਕਮਿਸ਼ਨ ਦੇ ਵਿਚ ਰਗੜਾ ਲਾਇਆ ਹੈ ਉਸ ਤੇ ਵਿਚਾਰ ਚਰਚਾ ਕੀਤੀ ਗਈ। ਇਸ ਸਮੇਂ ਨਰਸਿੰਗ ਐਸੋਸੀਏਸ਼ਨ ਵੱਲੋਂ ਪੇ ਕਮਿਸ਼ਨ ਦੀਆਂ ਤਰੁੱਟੀਆਂ ਦੀ ਦਰੁਸਤੀ ਕਰਨਾ ਐ ਕੈਟਾਗਿਰੀ ਏਬੀਸੀਡੀ ਨੂੰ ਗਰੇਡ ਪੇ ਮੁਤਾਬਕ ਤਨਖਾਹ ਦੇਣਾ, ਪੰਜਾਬ ਸਰਕਾਰ ਅਧੀਨ ਠੇਕੇ ਤੇ ਕੰਮ ਕਰ ਰਹੇ ਸਟਾਫ ਨਰਸਾਂ ਨੂੰ ਪੱਕਾ ਕਰਨਾ, ਆਊਟਸੋਰਸਿੰਗ ਭਰਤੀ ਬੰਦ ਕਰਨਾ, ਆਦਿ ਉਤੇ ਚਰਚਾ ਹੋਈ।

ਇਸ ਦੌਰਾਨ ਪਰਮਜੀਤ ਸੰਧੂ ਨੇ ਕਿਹਾ ਕਿ ਨਰਸਿੰਗ ਐਸੋਸੀਏਸ਼ਨ ਆਪਣੀਆਂ ਮੰਗਾਂ ਮਨਵਾਉਣ ਲਈ ਸਿਰ ਧੜ ਦੀ ਬਾਜ਼ੀ ਲੜੇਗੀ। ਇਸ ਸਮੇ ਪੰਜਾਬ ਨਰਸਿੰਗ ਐਸੋਸੀਏਸ਼ਨ ਵੱਲੋਂ ਇੱਕ ਸਾਂਝਾ ਫਰੰਟ ਦੀ ਚੋਣ ਕੀਤੀ ਗਈ ਜਿਸ ਵਿਚ ਸਟੇਟ ਬਾਡੀ ਦੇ ਪੰਜ ਰੀਪਰਜ਼ੈਂਟੇਟਿਵ ਚੁਣੇ ਗਏ ਅਤੇ ਹਰ ਇੱਕ ਡਿਸਟਿਕ ਦੇ ਵਿੱਚੋਂ ਇੱਕ ਕਨਵੀਨਰ ਬਣਾ ਦਿੱਤਾ ਗਿਆ। ਜੋ ਕਿ ਸਾਰੇ ਡਿਸਟਿਕ ਨੂੰ ਇਕੱਠਿਆਂ ਲੈ ਕੇ ਚੱਲੇਗਾ ਇਸ ਮੀਟਿੰਗ ਦੇ ਵਿੱਚ ਇਹ ਫੈਸਲਾ ਲਿਆ ਗਿਆ ਕਿ ਨਰਸਿੰਗ ਕੇਡਰ ਦੀਆਂ ਮੰਗਾਂ ਨੂੰ ਮਨਵਾਉਣ ਦੇ ਲਈ ਆਉਣ ਵਾਲੇ ਦਿਨ ਦਿਨਾਂ ਵਿਚ ਸਖਤ ਐਕਸ਼ਨ ਕੀਤੇ ਜਾਣੇ ਹਨ।

Steinmetz & Associates
PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
GURSHARAN BOBBY SIDHU

You only pay upon settlement

647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

ਲੇਡੀ ਵਰਕਰ ਦੀ ਲੋੜ
Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।

ਹੈਂਡੀਮੈਨ ਦੀ ਲੋੜ
ਪਲੰਬਿੰਗ, ਇਲੈਕ੍ਟ੍ਰੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।
ਸੰਪਰਕ: 416-816-1695
ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ

ਨੈਨੀ ਦੀ ਲੋੜ
ਬਰੈਂਪਟਨ ਵਿਚ ਘਰ ਦਾ ਕੰਮ ਕਰਨ ਲਈ ਨੈਨੀ ਦੀ ਲੋੜ ਹੈ।
ਸੰਪਰਕ ਕਰੋ:
416556 6884

ਵਰਕਰਾਂ ਦੀ ਲੋੜ
ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
ਸੰਪਰਕ: 647-205-5909, 416-618-3358

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

## ਜਾਸੂਸੀ ਕਾਂਡ ਵਿਚ ਸੀ ਜੇ ਆਈ ਦੀ ਨਸੀਹਤ, ਕੋਰਟ ਵਿੱਚ ਪੁੱਛੇ ਸਵਾਲਾਂ ਦੇ ਜਵਾਬ ਸੋਸ਼ਲ ਮੀਡੀਆ ਉਤੇ ਨਾ ਦਿਓ




ਨਵੀਂ ਦਿੱਲੀ, 11 ਅਗਸਤ (ਪੋਸਟ ਬਿਊਰੋ)- ਜਾਸੂਸੀ ਸਾਫਟਵੇਅਰ ਤੇ ਨੇਤਾਵਾਂ, ਪੱਤਰਕਾਰਾਂ, ਜੱਜਾਂ ਦੇ ਨਾਲ ਸਮਾਜਕ ਕਾਰਕੁਨਾਂ ਦੀ ਜਾਸੂਸੀ ਦੇ ਕੇਸ ਵਿੱਚ ਦਾਇਰ ਪਟੀਸ਼ਨਾਂ ਉੱਤੇ ਸੁਪਰੀਮ ਕੋਰਟ ਨੇ ਸੁਣਵਾਈ 16 ਅਗਸਤ ਤਕ ਟਾਲ ਦਿੱਤੀ ਹੈ। ਭਾਰਤ ਦੇ ਚੀਫ ਜਸਟਿਸ (ਸੀ ਜੇ ਆਈ) ਐਨ ਵੀ ਰਮੰਨਾ ਦੀ ਅਗਵਾਈ ਵਾਲੀ ਬੈਂਚ ਨੇ ਪਟੀਸ਼ਨਰਾਂ ਉੱਤੇ ਸਖਤ ਟਿੱਪਣੀ ਅਤੇ ਸੋਸ਼ਲ ਮੀਡੀਆ ਉੱਤੇ ਨਾਰਾਜ਼ਗੀ ਜ਼ਾਹਰ ਕੀਤੀ। ਉਨ੍ਹਾਂ ਨੇ ਨਸੀਹਤ ਦਿੱਤੀ, 'ਕੋਰਟ ਵਿੱਚ ਜੋ ਸਵਾਲ ਪੁੱਛੇ ਜਾਂਦੇ ਹਨ, ਉਨ੍ਹਾਂ ਦਾ ਜਵਾਬ ਉਥੇ ਹੀ ਦੇਣ, ਸੋਸ਼ਲ ਮੀਡੀਆ ਉੱਤੇ ਨਹੀਂ।'

ਸੀ ਜੇ ਆਈ ਨੇ ਕਿਹਾ, 'ਜੇ ਸੋਸ਼ਲ ਮੀਡੀਆ ਉੱਤੇ ਗੱਲ ਰੱਖਣੀ ਹੈ ਤਾਂ ਅਲੱਗ ਹੈ, ਪ੍ਰੰਤੂ ਇਹ ਪ੍ਰਕਿਰਿਆ ਕੋਰਟ ਦੇ ਬਰਾਬਰ ਨਾ ਚਲਾਓ।' ਜਾਸੂਸੀ ਦਾ ਕੇਸ ਸਾਹਮਣੇ ਆਉਣ ਉੱਤੇ 'ਹਿੰਦੂ ਪ੍ਰਕਾਸ਼ਨ ਗਰੁੱਪ ਦੇ ਡਾਇਰੈਕਟਰ ਐਨ ਰਾਮ, ਰਾਜ ਸਭਾ ਮੈਂਬਰ ਜਾਨ ਬ੍ਰਿਟਾਸ, ਵਕੀਲ ਐਮ ਐਲ ਸ਼ਰਮਾ ਅਤੇ ਏਸ਼ੀਆਨੈਟ ਦੇ ਸੰਸਥਾਪਕ ਸ਼ਸ਼ੀ ਕੁਮਾਰ ਨੇ ਸੁਪਰੀਮ ਕੋਰਟ ਵਿੱਚ ਪਟੀਸ਼ਨਾਂ ਦਾਇਰ ਕੀਤੀਆਂ ਸਨ। ਚੀਫ ਜਸਟਿਸ ਨੇ ਪਟੀਸ਼ਨਰਾਂ ਨੂੰ ਕਿਹਾ, "ਅਸੀਂ ਜੋ ਸਵਾਲ ਕੋਰਟ ਵਿੱਚ ਪੁੱਛਦੇ ਹਾਂ, ਉਸ ਦਾ ਜਵਾਬ ਸਾਡੇ ਸਾਹਮਣੇ ਦਿਓ। ਜੇ ਤੁਸੀਂ ਕੋਰਟ ਵਿੱਚ ਕੇਸ ਲੈ ਕੇ ਆਏ ਹੋ ਤਾਂ ਅਨੁਸ਼ਾਸਨ ਜ਼ਰੂਰੀ ਹੋਣਾ ਚਾਹੀਦਾ ਹੈ। ਤੁਹਾਨੂੰ ਕੋਰਟ ਉੱਤੇ ਭਰੋਸਾ ਰੱਖਣਾ ਚਾਹੀਦਾ ਹੈ।

# ਆਕਸੀਜਨ ਦੀ ਘਾਟ ਕਾਰਨ ਦੇਸ਼ ਵਿੱਚ ਕੁੱਲ ਇੱਕ ਮੌਤ, ਅਤੇ ਉਹ ਵੀ ਸ਼ੱਕੀ!

ਨਵੀਂ ਦਿੱਲੀ, 11 ਅਗਸਤ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਦਾਅਵਾ ਕੀਤਾ ਕਿ ਕੋਰੋਨਾ ਦੀ ਦੂਜੀ ਲਹਿਰ ਦੌਰਾਨ ਆਕਸੀਜਨ ਦੀ ਘਾਟ ਕਰ ਕੇ ਸਿਰਫ ਇੱਕ ਮੌਤ ਹੋਈ ਹੈ, ਜੋ ਇੱਕ ਸੂਬੇ ਨੇ ਰਿਪੋਰਟ ਕੀਤੀ ਹੈ।



ਇਸ ਸੰਬੰਧ ਵਿੱਚ ਭਾਰਤ ਦੇ ਸਿਹਤ ਮੰਤਰਾਲੇ ਵਿੱਚ ਜੁਆਇੰਟ ਸੈਕਟਰੀ ਲਵ ਅਗਰਵਾਲ ਨੇ ਕਿਹਾ, 'ਰਾਜਾਂ ਨੂੰ ਆਕਸੀਜਨ ਦੀ ਘਾਟ ਕਰ ਕੇ ਹੋਣ ਵਾਲੀਆਂ ਮੌਤਾਂ ਬਾਰੇ ਪੁੱਛਿਆ ਸੀ। ਪਾਰਲੀਮੈਂਟ ਵਿੱਚ ਜਦੋਂ ਇਹ ਸਵਾਲ ਪੁੱਛਿਆ ਤਾਂ ਰਾਜਾਂ ਨੂੰ ਖਾਸ ਕਰ ਕੇ ਪੁੱਛਿਆ ਗਿਆ। ਰਿਪੋਰਟਾਂ ਮੁਤਾਬਕ ਅੱਜ ਤਕ ਇੱਕ ਹੀ ਮੌਤ ਹੋਈ ਹੈ ਤੇ ਸਬੰਧਤ ਰਾਜ ਨੇ ਇਸ ਦਾ ਵੀ ਸ਼ੱਕੀ ਕਹਿ ਕੇ ਹਵਾਲਾ ਦਿੱਤਾ ਹੈ, ਜਦੋਂ ਕਿ ਹੋਰਨਾਂ ਰਾਜਾਂ ਨੇ ਆਕਸੀਜਨ ਦੀ ਘਾਟ ਕਰ ਕੇ ਹੋਣ ਵਾਲੀਆਂ ਮੌਤਾਂ ਦਾ ਕੋਈ ਅੰਕੜਾ ਨਹੀਂ ਦਿੱਤਾ।' ਲਵ ਅਗਰਵਾਲ ਨੇ ਉਸ ਰਾਜ ਦਾ ਨਾਂ ਦੱਸਣ ਤੋਂ ਇਨਕਾਰ ਕਰ ਦਿੱਤਾ।

ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਕੇਂਦਰ ਵੱਲੋਂ ਮੰਗੀ ਜਾਣਕਾਰੀ ਦਾ ਪੰਜਾਬ, ਹਿਮਾਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ, ਉਤਰਾਖੰਡ ਸਮੇਤ 13 ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੇ ਹੀ ਜਵਾਬ ਦਿੱਤਾ ਹੈ। ਸੂਤਰਾਂ ਮੁਤਾਬਕ ਪੰਜਾਬ ਨੇ ਜਿਹੜੀ ਜਾਣਕਾਰੀ ਸਾਂਝੀ ਕੀਤੀ ਹੈ, ਉਸ ਵਿੱਚ ਆਕਸੀਜਨ ਦੀ ਕਿੱਲਤ ਕਰ ਕੇ ਚਾਰ ਸ਼ੱਕੀ ਮੌਤਾਂ ਦਾ ਦਾਅਵਾ ਕੀਤਾ ਗਿਆ ਹੈ। ਕੇਂਦਰ ਸਰਕਾਰ ਨੇ ਪਿਛਲੇ ਮਹੀਨੇ ਵੀ ਪਾਰਲੀਮੈਂਟ ਵਿੱਚ ਦੱਸਿਆ ਸੀ ਕਿ ਆਕਸੀਜਨ ਦੀ ਕਿੱਲਤ ਕਰ ਕੇ ਕੋਈ ਮੌਤ ਨਹੀਂ ਹੋਈ ਤੇ ਨਾ ਹੀ ਰਾਜਾਂ ਅਤੇ ਯੂ ਟੀਜ਼ ਨੇ ਇਸ ਬਾਰੇ ਕੋਈ ਅੰਕੜੇ ਸਾਂਝੇ ਕੀਤੇ ਹਨ।

## ਜਦੋਂ ਰਾਜ ਸਭਾ ਵਿੱਚ ਵਿਰੋਧੀ ਧਿਰ ਨੇ ਭਾਜੜਾਂ ਪਾਈ ਰੱਖੀਆਂ

ਨਵੀਂ ਦਿੱਲੀ, 11 ਅਗਸਤ (ਪੋਸਟ ਬਿਊਰੋ)- ਭਾਰਤ ਦੀ ਪਾਰਲੀਮੈਂਟ ਵਿੱਚ ਕੱਲ੍ਹ ਵਿਰੋਧੀ ਪਾਰਟੀਆਂ ਦਾ ਵਿਰੋਧ ਇਸ ਤਰ੍ਹਾਂ ਹੱਦਾਂ ਪਾਰ ਕਰ ਗਿਆ ਕਿ ਉਨ੍ਹਾਂ ਨੇ ਸਰਕਾਰ ਨੂੰ ਭਾਜੜਾਂ ਪਾਈ ਰੱਖੀਆਂ।

ਕੱਲ੍ਹ ਦੁਪਹਿਰ ਦੇ ਭੋਜਨ ਤੋ ਬਾਅਦ ਪ੍ਰੀਜ਼ਾਇਡਿੰਗ ਅਧਿਕਾਰੀ ਭੁਵਨੇਸ਼ਵਰ ਕਾਲਿਤਾ ਨੇ ਖੇਤੀਬਾੜੀ ਨਾਲ ਸਬੰਧਤ ਸਮੱਸਿਆਵਾਂ ਅਤੇ ਉਨ੍ਹਾਂ ਦੇ ਹੱਲ ਉੱਤੇ ਥੋੜ੍ਹੇ ਸਮੇਂ ਦੀ ਚਰਚਾ ਸ਼ੁਰੂ ਕਰਵਾਈ ਤਾਂ ਵਿਰੋਧੀ ਧਿਰ ਦੇ ਮੈਂਬਰਾਂ ਨੇ ਇਤਰਾਜ਼ ਕਰਦੇ ਹੋਏ ਹੰਗਾਮਾ ਸ਼ੁਰੂ ਕਰ ਦਿੱਤਾ।ਇਸ ਬੇਮਿਸਾਲ ਘਟਨਾਚੱਕਰ ਵੇਲੇ ਆਮ ਆਦਮੀ ਪਾਰਟੀ ਦੇ ਸੰਜੇ ਸਿੰਘ ਰਾਜ ਸਭਾ ਦੇ ਜਨਰਲ ਸੈਕਟਰੀ ਦੇਸ਼ ਦੀਪਕ ਵਰਮਾ ਦੀ ਮੇਜ਼ ਉੱਤੇ ਚੜ੍ਹ ਗਏ ਅਤੇ ਉਨ੍ਹਾਂ ਦੀ ਵੇਖਾ-ਵੇਖੀ ਕਾਂਗਰਸ ਦੇ ਪ੍ਰਤਾਪ ਸਿੰਘ ਬਾਜਵਾ, ਸੀ ਪੀ ਆਈ (ਐਮ) ਦੇ ਸ਼ਿਵਦਾਸਨ ਅਤੇ ਭਾਜਪਾ ਦੇ ਵਿਨੇ ਵਿਸ਼ਵਮ ਨੇ ਮੇਜ਼ ਉੱਤੇ ਬੈਠ ਕੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਉਨ੍ਹਾਂ ਦੇ ਨਾਲ ਤ੍ਰਿਣਮੂਲ ਕਾਂਗਰਸ ਦੀ ਮੌਸਮ ਨੂਰ



ਵੀ ਮੇਜ਼ ਉੱਤੇ ਬੈਠ ਗਈ। ਕਾਂਗਰਸ ਦੇ ਰਿਪੁਨ ਬੋਰਾ, ਦਿਪੇਂਦਰ ਹੁੱਡਾ ਅਤੇ ਰਾਜਮਨੀ ਪਟੇਲ ਵੀ ਮੇਜ਼ ਉੱਤੇ ਖੜ੍ਹੇ ਹੋ ਗਏ। ਇਸ ਮੌਕੇ ਹਾਊਸ ਵਿਚਲੇ 4-5 ਮਾਰਸ਼ਲਾਂ ਨੇ ਜਨਰਲ ਸੈਕਟਰੀ ਵਰਮਾ ਨੂੰ ਸੁਰੱਖਿਅਤ ਉਥੋਂ ਕੱਢਿਆ ਅਤੇ ਸੰਜੇ ਸਿੰਘ ਦਾ ਹੱਥ ਫੜ ਕੇ ਮੇਜ਼ ਤੋਂ ਉਤਾਰਿਆ। ਇਸ ਦੌਰਾਨ ਕਾਂਗਰਸ, ਡੀ ਐਮ ਕੇ, ਖੱਬੇ ਪੱਖੀ ਪਾਰਟੀਆਂ ਅਤੇ ਆਮ ਆਦਮੀ ਪਾਰਟੀ ਦੇ ਹੋਰ ਮੈਂਬਰ ਰੌਲਾ ਪਾਉਣ ਲੱਗ ਪਏ। ਐਨ ਸੀ ਪੀ ਅਤੇ ਸ਼ਿਵ ਸੈਨਾ ਦੇ ਮੈਂਬਰ ਆਪਣੀਆਂ ਸੀਟਾਂ ਕੋਲ ਖੜ੍ਹੇ ਹੋ ਕੇ ਨਾਅਰੇ ਲਾਉਣ ਲੱਗ ਪਏ। ਹਾਊਸ ਵਿੱਚ ਹਫੜਾ-ਦਫੜੀ ਵਾਲਾ ਮਾਹੌਲ ਬਣ ਗਿਆ ਅਤੇ ਕਾਰਵਾਈ ਮੁਲਤਵੀ ਕਰਨਾ ਪਈ।

## ਫ਼ਰਿਜ਼ਨੋ ਦੇ ਪੰਜਾਬੀ ਟਰੱਕ ਡਰਾਈਵਰ ਦੀ ਸੜਕ ਹਾਦਸੇ ਵਿੱਚ ਮੌਤ

ਸਾਨ ਫਰਾਂਸਿਸਕੋ, 11 ਅਗਸਤ (ਪੋਸਟ ਬਿਊਰੋ)- ਵਾਰ-ਵਾਰ ਟਰੱਕ ਹਾਦਸਿਆਂ ਵਿੱਚ ਪੰਜਾਬੀ ਡਰਾਈਵਰਾਂ ਦੀਆਂ ਮੌਤਾਂ ਨੇ ਪੰਜਾਬੀ ਭਾਈਚਾਰੇ ਵਿੱਚ ਉਦਾਸੀ ਦਾ ਮਾਹੌਲ ਪੈਦਾ ਕੀਤਾ ਹੋਇਆ ਹੈ। ਹਰ ਦੂਜੇ ਚੌਥੇ ਹਫ਼ਤੇ ਕੋਈ ਨਾ ਕੋਈ ਦਰਦਨਾਕ ਖ਼ਬਰ ਆ ਰਹੀ ਹੈ। ਕੱਲ੍ਹ ਫ਼ਰਿਜ਼ਨੋਂ ਦੇ ਟਰੱਕ ਡਰਾਈਵਰ ਸ਼ਮਸ਼ੇਰ ਸਿੰਘ ਸ਼ੇਰਾ ਸਰਕਾਰੀਆ (53) ਦੀ ਟਰੱਕ ਹਾਦਸੇ 'ਚ ਮੌਤ ਹੋ ਜਾਣ ਦੀ ਖਬਰ ਮਿਲ ਗਈ ਹੈ। ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਸ਼ੇਰਾ ਆਪਣਾ ਟਰੱਕ ਸ਼ੋਲਡਰ ਉੱਤੇ ਖੜ੍ਹਾ ਕਰਕੇ ਹੇਠਾਂ ਉਤਰਿਆ ਹੀ ਸੀ ਕਿ ਪਿੱਛੋਂ ਸਾਈਡ ਤੋਂ ਬੇਕਾਬੂ ਹੋਏ ਟੋਅ-ਟਰੱਕ ਨੇ ਟੱਕਰ ਮਾਰ ਦਿੱਤੀ, ਜਿਸ ਨਾਲ ਉਸ ਦੀ ਮੌਤ ਹੋ ਗਈ। ਸ਼ੇਰਾ ਪੰਜ ਕੁ ਸਾਲ ਪਹਿਲਾਂ ਖੂਨ ਦੇ ਰਿਸ਼ਤੇ ਦੇ ਆਧਾਰ



ਉੱਤੇ ਪਰਵਾਰ ਸਮੇਤ ਇਟਲੀ ਤੋਂ ਆਪਣੇ ਸਾਂਢੂ ਸਤਨਾਮ ਸਿੰਘ ਸ਼ੇਰਗਿੱਲ ਕੋਲ ਫ਼ਰਿਜ਼ਨੋ ਆਣ ਵਸਿਆ ਸੀ। ਉਹ ਪਿਛਲੇ ਤਿੰਨ ਸਾਲ ਤੋਂ ਵਿਰਕ ਟਰੱਕਿੰਗ ਦੇ ਲਈ ਡਰਾਈਵ ਕਰ ਰਿਹਾ ਸੀ। ਸਮਸ਼ੇਰ ਸਿੰਘ ਸ਼ੇਰੇ ਦਾ ਪਿਛਲਾ ਪਿੰਡ ਢੰਡਾ ਜ਼ਿਲ੍ਹਾ ਜਲੰਧਰ ਵਿੱਚ ਗੁਰਾਇਆ ਦੇ ਨੇੜੇ ਹੈ ਅਤੇਉਹ ਆਪਣੇ ਪਿੱਛੇ ਪਤਨੀ, ਦੋ ਜਵਾਨ ਧੀਆਂ ਤੇ 11 ਸਾਲ ਦੇ ਪੁੱਤਰ ਨੂੰ ਛੱਡ ਗਿਆ ਹੈ।

## ਰਾਕੇਸ਼ ਟਿਕੈਤ ਨੇ ਕਿਸਾਨਾਂ ਨੂੰ ਕਿਹਾ: 'ਹੱਕਾਂ ਦੀ ਲੜਾਈ ਲੜੋ, ਵਰਨਾ ਜ਼ਮੀਨ ਨਹੀਂ ਬਚੇਗੀ'

ਨਵੀਂ ਦਿੱਲੀ, 11 ਅਗਸਤ (ਪੋਸਟ ਬਿਊਰੋ)- ਕਿਸਾਨ ਮਹਾਂਪੰਚਾਇਤ ਵਿੱਚ ਭਾਰਤੀ ਕਿਸਾਨ ਯੂਨੀਅਨ ਦੇ ਰਾਸ਼ਟਰੀ ਬੁਲਾਰੇ ਰਾਕੇਸ਼ ਟਿਕੈਤ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਦੇ ਕਿਸਾਨ ਨੌਂ ਮਹੀਨਿਆਂ ਤੋਂ ਦਿੱਲੀ ਬਾਰਡਰ ਉੱਤੇ ਬੈਠੇ ਹਨ। 9 ਮਹੀਨੇ ਅੰਦੋਲਨ ਕਰਨਾ ਕੋਈ ਛੋਟਾ ਕੰਮ ਨਹੀਂ, ਕਿਸਾਨ ਏਥੋਂਹਟੇਗਾ ਨਹੀਂ, ਏਥੇ ਬਹਿਣ ਦੀ ਸਾਨੂੰਆਦਤ ਪੈ ਗਈ ਹੈ। ਇਹ ਕਿਸਾਨ ਸਰਦੀ-ਗਰਮੀ ਦੇ ਮੌਸਮ ਵਿੱਚ ਵੀ ਡਟੇ ਰਹਿਣਗੇ।



ਟਿਕੈਤ ਨੇ ਕਿਹਾ ਕਿ ਇਸ ਅੰਦੋਲਨ ਕਾਰਨ ਦੁਨੀਆ ਭਰ ਦੇ ਕਿਸਾਨ ਟਰੈਕਟਰ ਚਲਾਉਣਾ ਸਿੱਖ ਗਏ। ਵਿਦੇਸ਼ਾਂ ਵਿੱਚ ਵੀ ਭਾਰਤੀ ਕਿਸਾਨਾਂ ਦਾ ਸਮਰਥਨ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ ਸਵਾਲ ਇਹ ਹੁੰਦਾ ਹੈ ਕਿ ਸਰਕਾਰ ਕਿਸਾਨਾਂ ਦੀ ਗੱਲ ਕਿਉਂ ਨਹੀਂ ਮੰਨਦੀ। ਉਨ੍ਹਾਂ ਕਿਹਾ; ਜਿਨ੍ਹਾਂ ਨੇ ਪਾਰਟੀ ਬਣਾਈ ਸੀ, ਉਨ੍ਹਾਂ ਨੂੰ ਘਰਾਂ ਵਿੱਚ ਬੰਦ ਕੀਤਾ ਹੋਇਆ ਹੈ, ਉਨ੍ਹਾਂ ਨੂੰ ਬਿਆਨ ਦੇਣ ਦਾ ਵੀ ਅਧਿਕਾਰ ਨਹੀਂ ਹੈ। ਟਿਕੈਤ ਨੇ ਕਿਹਾ ਕਿ ਇਹ ਕਿਸੇ ਪਾਰਟੀ ਦੀ ਸਰਕਾਰ ਨਹੀਂ, ਸਿਰਫ ਨਰਿੰਦਰ ਮੋਦੀ ਅਤੇ ਕਾਰਪੋਰੇਟ ਘਰਾਣਿਆਂ ਦੀ ਸਰਕਾਰ ਹੈ, ਜਿਸ ਨੂੰ ਅੰਬਾਨੀ-ਅਡਾਨੀ ਚਲਾ ਰਹੇ ਹਨ।ਉਨ੍ਹਾ ਕਿਹਾ ਕਿ ਇਨ੍ਹਾਂ ਕਾਨੂੰਨਾਂ ਤੋਂ ਬਾਅਦ ਕਿਸਾਨ ਖੇਤੀ ਨਹੀਂ ਕਰ ਸਕਣਗੇ, ਕੰਪਨੀਆਂ ਖੇਤੀ ਕਰਨਗੀਆਂ ਤੇ ਕਿਸਾਨ ਸਿਰਫ ਮਜ਼ਦੂਰੀ ਕਰਨਗੇ, ਪੂਰੇ ਦੇਸ਼ ਦੀਆਂ ਜ਼ਮੀਨਾਂ ਵੱਡੀਆਂ-ਵੱਡੀਆਂ ਕੰਪਨੀਆਂ ਖਰੀਦ ਲੈਣਗੀਆਂ ਤੇ ਕਿਸਾਨ ਸੜਕਾਂ ਤੇ ਆ ਜਾਵੇਗਾ। ਉਨ੍ਹਾਂ ਕਿਹਾ ਕਿ ਤੁਸੀਂ ਲੜੋ, ਕਿਉਂਕਿ ਆਉਣ ਵਾਲੀਆਂ ਪੀੜੀਆਂ ਲੜਾਈ ਨਹੀਂ ਲੜ ਸਕਣਗੀਆਂ।

ਇਹੀ ਨਹੀਂ, ਟਿਕੈਤ ਨੇ ਕਿਹਾ ਇਨ੍ਹਾਂ ਕਾਨੂੰਨਾਂ ਦਾ ਅਸਲ ਪ੍ਰਭਾਵ 30-50 ਸਾਲਾਂ ਪਿੱਛੋਂ ਦੇਖਣ ਨੂੰ ਮਿਲੇਗਾ, ਭਾਰਤ ਦੀ ਜ਼ਮੀਨ ਬੰਜਰ ਹੋ ਜਾਵੇਗੀ। ਇਸ ਕਰ ਕੇ ਲੜਾਈ ਲੜੋ, ਨਹੀਂ ਤਾਂ ਜ਼ਮੀਨ ਨਹੀਂ ਬਚੇਗੀ। ਇਹ ਲੜਾਈ ਨਸਲਾਂ ਅਤੇ ਫ਼ਸਲਾਂ ਨੂੰ ਬਚਾਉਣ ਲਈ ਹੈ। ਟਿਕੈਤ ਨੇ ਕਿਹਾ ਕਿ ਇਹ ਸਰਕਾਰ ਕਿਸਾਨ ਮੋਰਚੇ ਦੇ ਕਾਬੂ ਵਿੱਚ ਨਹੀਂ ਆ ਰਹੀ, ਜਿਸ ਨੂੰ 500 ਤੋਂ ਜ਼ਿਆਦਾ ਸੰਗਠਨਾਂ ਦਾ ਸਮਰਥਨ ਹੈ।

## ਧਾਰਾ 370 ਹਟਣ ਪਿੱਛੋਂ ਜੰਮੂ-ਕਸ਼ਮੀਰ ਵਿੱਚ ਮਸਾਂ ਦੋ ਬਾਹਰਲੇ ਲੋਕਾਂ ਨੇ ਜਾਇਦਾਦ ਖਰੀਦੀ

ਨਵੀਂ ਦਿੱਲੀ, 11 ਅਗਸਤ (ਪੋਸਟ ਬਿਊਰੋ)- ਅਗਸਤ 2019 ਵਿੱਚ ਜੰਮੂ-ਕਸ਼ਮੀਰ ਵਿੱਚ ਧਾਰਾ 370 ਖਤਮ ਕਰ ਦੇਣ ਦੇ ਬਾਅਦ ਤੋਂ ਕੇਵਲ ਦੋ ਬਾਹਰੀ ਲੋਕਾਂ ਨੇ ਦੋ ਉਥੇ ਜਾਇਦਾਦਾਂ ਖਰੀਦੀਆਂ ਹਨ।

ਇਹ ਜਾਣਕਾਰੀ ਭਾਰਤ ਸਰਕਾਰ ਨੇ ਕੱਲ੍ਹ ਲੋਕ ਸਭਾ ਵਿੱਚ ਦਿੱਤੀ। ਅਸਲ ਵਿੱਚ ਸਰਕਾਰ ਤੋਂ ਇਹ ਸਵਾਲ ਕੀਤਾ ਗਿਆ ਸੀ ਕਿ ਧਾਰਾ 370 ਹਟਾਉਣ ਦੇ ਬਾਅਦ ਕੀ ਦੇਸ਼ ਦੇ ਹੋਰ ਰਾਜਾਂ ਦੇ ਲੋਕ ਕੇਂਦਰ ਸ਼ਾਸਤ ਪ੍ਰਦੇਸ਼ ਜੰਮੂ ਤੇ ਕਸ਼ਮੀਰ ਵਿੱਚ ਜਾਇਦਾਦ ਖਰੀਦਣ ਦੇ ਇੱਛੁਕ ਹਨ? ਕੇਂਦਰੀ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਨੇ ਇਸ ਦੇ ਲਿਖਤੀ ਜਵਾਬ ਵਿੱਚ ਦੱਸਿਆ ਕਿ ਜੰਮੂ-ਕਸ਼ਮੀਰ ਸਰਕਾਰ ਵੱਲੋਂ ਦਿਤੀ ਜਾਣਕਾਰੀ ਅਨੁਸਾਰ ਜੰਮੂ ਤੇ ਕਸ਼ਮੀਰ ਦੇ ਬਾਹਰ ਦੇ ਸਿਰਫ ਦੋ ਲੋਕਾਂ ਨੇ ਅਗਸਤ 2019 ਤੋਂ ਅੱਜ ਤਕ ਉਸ ਰਾਜ ਵਿੱਚ ਦੋ ਜਾਇਦਾਦਾਂ ਖਰੀਦੀਆਂ ਹਨ। ਮੰਤਰੀ ਨਿਤਿਆਨੰਦ ਰਾਏ ਨੇ ਲੋਕ ਸਭਾ ਵਿੱਚ ਦੱਸਿਆ ਕਿ ਜੰਮੂ ਤੇ ਕਸ਼ਮੀਰ ਵਿੱਚ 1989 ਤੋਂ ਲੈ ਕੇ ਪੰਜ ਅਗਸਤ 2019 ਤਕ ਅੱਤਵਾਦੀ ਘਟਨਾਵਾਂ ਵਿੱਚ 5886 ਸੁਰੱਖਿਆ ਮੁਲਾਜ਼ਮ ਮਾਰੇ ਗਏ ਹਨ ਅਤੇ ਹਾਲਾਤ ਸੁਧਰਨ ਦੀ ਆਸ ਹੈ।

## ਯੂਨਾਈਟਿਡ ਹਿੰਦੂ ਫਰੰਟ ਨੇ ਪੰਜਾਬ ਵਿੱਚ ਅਗਲਾ ਮੁੱਖ ਮੰਤਰੀ ਹਿੰਦੂ ਬਣਾਉਣ ਦੀ ਮੰਗ ਚੁੱਕੀ

ਨਵੀਂ ਦਿੱਲੀ, 11 ਅਗਸਤ (ਪੋਸਟ ਬਿਊਰੋ)- ਯੂਨਾਈਟਿਡ ਹਿੰਦੂ ਫਰੰਟ ਅਤੇ ਰਾਸ਼ਟਰਵਾਦੀ ਸ਼ਿਵ ਸੈਨਾ ਨੇ ਪੰਜਾਬ ਦਾ ਅਗਲਾ ਮੁੱਖ ਮੰਤਰੀ ਕਿਸੇ ਹਿੰਦੂ ਨੂੰ ਬਣਾਉਣ ਅਤੇ ਅੱਤਵਾਦ ਦੇ ਸਮੇਂ ਦੌਰਾਨ ਬੇਰਹਿਮੀ ਨਾਲ ਮਾਰ ਦਿੱਤੇ ਗਏ ਲੱਗਭਗ 30 ਹਜ਼ਾਰ ਬੇਗੁਨਾਹ ਹਿੰਦੂਆਂ ਦੇ ਪਰਵਾਰਾਂ ਨੂੰ ਸਿੱਖ ਦੰਗਾ ਪੀੜਤਾਂ ਵਾਂਗ ਹੀ ਮੁਆਵਜ਼ਾ ਦੇਣ ਦੀਆਂ ਮੰਗਾਂ ਲਈ ਧਰਨਾ ਦਿੱਤਾ। ਇਸ ਮੌਕੇ ਪੰਜਾਬ ਵਿਚਲੀਆਂ ਸਰਗਰਮ ਸਿਆਸੀ ਪਾਰਟੀਆਂ ਕਾਂਗਰਸ, ਅਕਾਲੀ ਦਲ, ਭਾਜਪਾ, ਬਸਪਾ ਤੇ ਆਮ ਆਦਮੀਪਾਰਟੀ ਦੇ ਪ੍ਰਧਾਨਾਂ ਨੂੰ ਮੰਗ-ਪੱਤਰ ਵੀ ਪੇਸ਼ ਕੀਤਾ ਗਿਆ। ਇਸ ਮੌਕੇ ਯੂਨਾਈਟਿਡ ਹਿੰਦੂ ਫਰੰਟ ਦੇ ਰਾਸ਼ਟਰੀ ਪ੍ਰਧਾਨ ਤੇ ਸ਼ਿਵ ਸੈਨਾ ਦੇ ਕੌਮੀ ਪ੍ਰਧਾਨ ਜੈ ਭਗਵਾਨ ਗੋਇਲ ਨੇ ਕਿਹਾ ਕਿ ਪੰਜਾਬ ਵਿੱਚ ਹਿੰਦੂਆਂ ਦੀ ਆਬਾਦੀ 40 ਫ਼ੀਸਦੀ ਤੋਂ ਵੱਧ ਹੈ, ਪਰ ਉਨ੍ਹਾ ਦਾ ਸਾਰੀਆਂ ਸਿਆਸੀ ਪਾਰਟੀਆਂ ਨੇ ਸਿਰਫ਼ ਸ਼ੋਸ਼ਣ ਕੀਤਾ ਹੈ। ਸਾਲ 1966 ਤੋਂ ਬਾਅਦ ਕਿਸੇ ਹਿੰਦੂ ਨੂੰ ਮੁੱਖ ਮੰਤਰੀ ਨਹੀਂ ਬਣਾਇਆ ਗਿਆ, ਜਿਸ ਕਰ ਕੇ ਹਿੰਦੂ ਦੂਜੇ ਦਰਜੇ ਦੇ ਨਾਗਰਿਕ ਬਣ ਕੇ ਰਹਿ ਗਏ ਹਨ। ਗੋਇਲ ਨੇ ਕਿਹਾ ਕਿ ਖਾੜਕੂਵਾਦ ਦੇ ਦੌਰ ਵਿੱਚ ਪੰਜਾਬ ਦੇ ਹਿੰਦੂ ਸਭ ਤੋਂ ਵੱਧ ਜ਼ੁਲਮ ਦਾ ਸ਼ਿਕਾਰ ਹੋਏ, ਕਈ ਬੇਗੁਨਾਹ ਹਿੰਦੂਆਂ ਨੂੰ ਬੇਰਹਿਮੀ ਨਾਲ ਮਾਰ ਦਿੱਤਾ ਗਿਆ। ਉਨ੍ਹਾਂ ਦੇ ਪਰਵਾਰ ਵਾਲਿਆਂ ਨੂੰ ਸਿਰਫ਼ 20 ਤੋਂ 50 ਹਜ਼ਾਰ ਰੁਪਏ ਦੇ ਕੇ ਸ਼ਾਂਤ ਕਰ ਦਿੱਤਾ ਗਿਆ। ਇਸ ਤੋਂ ਉਲਟ 1984 ਦੇ ਦੰਗਾ ਪੀੜਤ ਸਿੱਖਾਂ ਦੇ ਪਰਵਾਰਾਂ ਨੂੰ ਲੱਖਾਂ ਦੇ ਮੁਆਵਜ਼ੇ ਦਿੱਤੇ ਗਏ। ਉਨ੍ਹਾਂ ਕਿਹਾ ਕਿ ਸਮਾਂ ਆ ਗਿਆ ਹੈ ਪੰਜਾਬ ਵਿਚਲੇ ਹਿੰਦੂਆਂ ਦੇ ਲਗਾਤਾਰ ਸ਼ੋਸ਼ਣ ਵਿਰੁੱਧ ਇੱਕਜੁੱਟਤਾ ਵਿਖਾਈ ਜਾਵੇ।

## ਆਪਣੀ ਛੋਟੀ ਜਿਹੀ ਫ਼ੌਜ ਨਾਲ ਤਾਲਿਬਾਨ ਨਾਲ ਭਿੜਨ ਲੱਗੀ ਹੋਈ ਹੈ ਗਵਰਨਰ ਸਲੀਮਾ ਮਜ਼ਾਰੀ

ਕਾਬੁਲ, 11 ਅਗਸਤ (ਪੋਸਟ ਬਿਊਰੋ)- ਪੁਰਸ਼ ਪ੍ਰਧਾਨ ਦੇਸ਼ ਅਫ਼ਗਾਨਿਸਤਾਨ ਵਿੱਚ 39 ਸਾਲਾ ਸਲੀਮਾ ਮਜ਼ਾਰੀ ਨਾਂਅ ਦੀ ਜ਼ਿਲ੍ਹਾ ਗਵਰਨਰ ਪੂਰੀ ਤਾਕਤ ਨਾਲ ਤਾਲਿਬਾਨ ਵਿਰੁੱਧ ਜੰਗ ਦੀ ਅਗਵਾਈ ਕਰ ਰਹੀ ਹੈ। ਉਸ ਦੀ ਫ਼ੌਜ ਵਿੱਚ ਕਈ ਦਰਜਨ ਲੜਾਕੇ ਸ਼ਾਮਲ ਹਨ, ਜੋ ਪਹਿਲਾਂ ਮਜ਼ਦੂਰੀ ਕਰਦੇ ਸਨ ਜਾਂ ਚਰਵਾਹੇ ਸਨ। ਉਹ ਲਗਾਤਾਰ ਸਥਿਤੀ ਦਾ ਜਾਇਜ਼ਾ ਲੈਂਦੀ ਹੈ ਅਤੇ ਨਾਲ ਹੀ ਅਗਲੀ ਰਣਨੀਤੀ ਵੀ ਤਿਆਰ ਕਰਦੀ ਹੈ। ਉਹ ਲਗਾਤਾਰ ਤਾਲਿਬਾਨ ਖ਼ਿਲਾਫ਼ ਲੋਕਾਂ ਨੂੰ ਹਥਿਆਰ ਚੁੱਕਣ ਲਈ ਲਾਮਬੰਦ ਕਰ ਰਹੀ ਹੈ, ਜਿਸ ਦੀ ਹਰ ਪਾਸੇ ਚਰਚਾ ਹੈ।



ਸਲੀਮਾ ਬਲਖ਼ ਪ੍ਰਾਂਤ ਦੇ ਜ਼ਿਲ੍ਹਾ ਚਾਰਕਿੰਟ ਦੀ ਗਵਰਨਰ ਹੈ, ਜੋ ਮਜ਼ਾਰ-ਏ-ਸ਼ਰੀਫ ਤੋਂ ਲੱਗਭਗ ਇੱਕ ਘੰਟੇ ਦੀ ਦੂਰੀ ਉੱਤੇ ਹੈ। ਉਸ ਦਾ ਕਹਿਣਾ ਹੈ ਕਿ ਤਾਲਿਬਾਨ ਸ਼ਾਸਨ ਵਿੱਚ ਮਨੁੱਖੀ ਅਧਿਕਾਰਾਂ ਵਰਗੀ ਕੋਈ ਚੀਜ਼ ਨਹੀਂ, ਸਗੋਂ ਉਹ ਉਸ ਦੀਆਂ ਖੁੱਲ੍ਹ ਕੇ ਧੱਜੀਆਂ ਉਡਾ ਰਹੇ ਹਨ। ਉਹ ਔਰਤਾਂ ਦੀ ਪੜ੍ਹਾਈ-ਲਿਖਾਈ ਤੋਂ ਨਫ਼ਰਤ ਕਰਦੇ ਹਨ ਤੇ ਰਾਜਨੀਤੀ ਵਿੱਚ ਹਿੱਸਾ ਲੈਣ ਵਾਲੀਆਂ ਔਰਤਾਂ ਦੇ ਪੱਕੇ ਵੈਰੀ ਹਨ। ਉਸ ਨੇ ਕਿਹਾ ਕਿ ਅਫ਼ਗਾਨਿਸਤਾਨ ਵਿੱਚ ਤਾਲਿਬਾਨ ਸ਼ਾਸਨ ਹੇਠ ਦੇਸ਼ ਦਾ ਵਿਕਾਸ ਪੂਰੀ ਤਰ੍ਹਾਂ ਠੱਪ ਹੋ ਗਿਆ ਹੈ। ਹਜ਼ਾਰਾ ਭਾਈਚਾਰੇ ਨਾਲ ਸਬੰਧਤ ਸਲੀਮਾ ਮਜ਼ਾਰੀ ਦੇ ਇਸ ਭਾਈਚਾਰੇ ਦੇ ਬਹੁਤੇ ਲੋਕ ਸ਼ੀਆ ਮੁਸਲਮਾਨ ਹਨ। ਉਸ ਦੇ ਜ਼ਿਲ੍ਹਾ ਚਾਰਕਿੰਟ ਦੇ ਲੱਗਭਗ ਅੱਧੇ ਹਿੱਸੇ ਉੱਤੇ ਤਾਲਿਬਾਨ ਨੇ ਕਬਜ਼ਾ ਕਰ ਲਿਆ ਹੈ। ਇਸ ਤੋਂ ਬਾਅਦ ਵੀ ਮਜ਼ਾਰੀ ਅਤੇ ਉਸ ਦੀ ਫ਼ੌਜ ਪਿੱਛੇ ਹਟਣ ਲਈ ਤਿਆਰ ਨਹੀਂ, ਸਗੋਂ ਆਪਣੇ ਮੋਰਚਿਆਂ ਵਿੱਚ ਤਾਲਿਬਾਨ ਵਿਰੁੱਧ ਮਜ਼ਬੂਤੀ ਨਾਲ ਡਟੀ ਹੋਈ ਹੈ। ਉਸ ਵੱਲੋਂ ਮਜ਼ਦੂਰਾਂ ਤੇ ਭੇਡਾਂ ਦੇ ਚਰਵਹਿਆਂ ਦੀ ਬਣਾਈ ਗਈ ਫ਼ੌਜ ਕੋਲ ਪਹਿਲਾਂ ਬੰਦੂਕਾਂ ਨਹੀਂ ਸਨ। ਉਨ੍ਹਾਂ ਨੇ ਆਪਣੇ ਪਸ਼ੂ ਵੇਚ ਕੇ ਬੰਦੂਕਾਂ ਅਤੇ ਹੋਰ ਹਥਿਆਰ ਖ਼ਰੀਦੇ ਹਨ।

## ਪਾਕਿਸਤਾਨ ਵਿੱਚ ਹਿੰਦੂ ਵਿਰੋਧੀ ਭਾਵਨਾ ਦੀ ਜੜ੍ਹ ਬਹੁਤ ਡੂੰਘੀ

ਇਸਲਾਮਾਬਾਦ, 11 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਧਾਰਮਿਕ ਘੱਟ ਗਿਣਤੀਆਂ ਖਾਸ ਤੌਰ ਉੱਤੇ ਹਿੰਦੂਆਂ ਨੂੰ ਇਸਲਾਮੀ ਸ਼ੋਸ਼ਣ ਦਾ ਸ਼ਿਕਾਰ ਬਣਾਇਆ ਜਾਂਦਾ ਹੈ। ਜਬਰਦਸਤੀ ਧਰਮ ਪਰਿਵਰਤਨ ਤੋਂ ਲੈ ਕੇ ਪੂਜਾ ਅਸਥਾਨਾਂ ਨੂੰ ਅਪਵਿੱਤਰ ਕਰਨ ਤਕ ਦੀਆਂ ਘਟਨਾਵਾਂ ਅਕਸਰ ਹੁੰਦੀਆਂ ਰਹਿੰਦੀਆਂ ਹਨ। ਇਸ ਦੱਖਣੀ ਏਸ਼ੀਆਈ ਦੇਸ਼ ਦੀ ਹਿੰਦੂ ਵਿਰੋਧੀ ਕੱਟੜਤਾ ਖਾਸ ਤੌਰ ਉੱਤੇ ਇੰਸਟੀਚਿਊਸ਼ਨਲ ਬਣੀ ਹੋਈ ਹੈ।

ਪਿਛਲੇ ਹਫਤੇ ਪੰਜਾਬ ਸੂਬੇ ਦੇ ਭੋਂਗ ਪਿੰਡ ਵਿੱਚ ਇੱਕ ਦਰਜਨ ਤੋਂ ਵੱਧ ਲੋਕਾਂ ਦੀ ਲਾਠੀਆਂ ਨਾਲ ਲੈਸ ਭੀੜ ਨੇ ਇੱਕ ਹਿੰਦੂ ਮੰਦਰ ਵਿੱਚ ਭੰਨਤੋੜ ਕਰ ਕੇ ਨਾਅਰੇਬਾਜ਼ੀ ਕੀਤੀ ਤੇ ਪੂਜਾ ਅਸਥਾਨ ਉੱਤੇ ਮੂਰਤੀਆਂ ਨੂੰ ਅਪਵਿੱਤਰ ਕੀਤਾ ਸੀ। ਮੰਦਰ ਹਮਲੇ ਦੀ ਵੱਡੀ ਨਿੰਦਾ ਦੇ ਬਾਵਜੂਦ ਪਾਕਿਸਤਾਨ ਦੀਆਂ ਕਈ ਪਾਰਟੀਆਂ ਦੇ ਮੈਂਬਰਾਂ ਅਤੇ ਇੱਥੋਂ ਤਕ ਕਿ ਇਮਰਾਨ ਖਾਨ ਸਰਕਾਰ ਦੇ ਮੰਤਰੀਆਂ ਨੇ ਵੀ ਧਰਮ ਨਿੰਦਾ ਕਰਨ ਵਾਲਿਆਂ ਦੇ ਲਈ ਸਜ਼ਾ ਦੀ ਹਮਾਇਤ ਵਿੱਚ ਹਿੰਦੂ ਵਿਰੋਧੀ ਕੱਟੜਤਾ ਪ੍ਰਗਟ ਕੀਤੀ ਜਾਂ ਫਿਰ ਉਸ ਦੀ ਹਮਾਇਤ ਵਿੱਚ ਰੈਲੀ ਤਕ ਕਰ ਦਿੱਤੀ।

ਦਿ ਡਿਪਲੋਮੈਟ ਲਈ ਲਿਖਦੇ ਹੋਏ ਕੁੰਵਰ ਖੁਲਦੂ ਨੇ ਸ਼ਾਹਿਦ ਨੇ ਕਿਹਾ ਕਿ ਭੋਂਗ ਕਸਬੇ ਵਿੱਚ ਭੀੜ ਦੀ ਹਿੰਸਾ ਨੇ ਪਾਕਿਸਤਾਨ ਵਿੱਚ ਹਿੰਦੂ ਵਿਰੋਧੀ ਭਾਵਨਾ ਦੀਆਂ ਡੂੰਘੀਆਂ ਵਿਚਾਰਕ ਜੜ੍ਹਾਂ ਨੂੰ ਪ੍ਰਦਰਸ਼ਿਤ ਕੀਤਾ ਹੈ। ਲੇਖਕ ਸ਼ਾਹਿਦ ਨੇ ਕਿਹਾ ਕਿ ਹਿੰਸਕ ਇਸਲਾਮੀ ਸਰਬ ਉਚਤਾ ਇਸਲਾਮਵਾਦੀਆਂ ਜਾਂ ਮੌਕਾਪ੍ਰਸਤ ਸਿਆਸਤਦਾਨਾਂ ਵੱਲੋਂ ਚਲਾਇਆ ਜਾਂਦਾ ਨਹੀਂ ਹੈ, ਬਲਕਿ ਸੰਵਿਧਾਨ ਵੱਲੋਂ ਮਨਜ਼ੂਰਸ਼ੁਦਾ ਹੈ ਤੇ ਫਿਰ ਵੀ ਸਰਕਾਰ ਆਪਾ-ਵਿਰੋਧੀ ਵਜੋਂ ਪਾਕਿਸਤਾਨ ਨੂੰ ਇੱਕ ਲੋਕਤੰਤਰੀ ਗਣਰਾਜ ਪ੍ਰਗਟਾਉਣ ਦੀ ਕੋਸ਼ਿਸ਼ ਕਰਦੀ ਹੈ।

## ਆਸਟ੍ਰੇਲੀਆਈ ਸਰਹੱਦਾਂ ਬੰਦ ਹੋਣ ਕਾਰਨ ਲੱਖਾਂ ਵਿਦਿਆਰਥੀ ਦੂਜੇ ਦੇਸ਼ਾਂ ਵੱਲ ਜਾਣ ਲਈ ਮਜ਼ਬੂਰ

ਬ੍ਰਿਸਬੇਨ, 11 ਅਗਸਤ (ਪੋਸਟ ਬਿਊਰੋ)- ਆਸਟ੍ਰੇਲੀਆ ਦੇ ਵੱਖ-ਵੱਖ ਸੂਬਿਆਂ ਵਿੱਚ ਕੋਵਿਡ-19 ਦੇ ਵਧੇਰੇ ਕੇਸਾਂ ਵਿੱਚ ਇਜ਼ਾਫਾ ਹੋਣ ਨਾਲ ਕੀਤੀ ਤਾਲਾਬੰਦੀ ਕਾਰਨ ਮਾੜਾ ਅਸਰ ਪਿਆ ਹੈ ਅਤੇ ਵਿਦਿਆਰਥੀ ਦੂਜੇ ਦੇਸ਼ਾਂ ਵਿੱਚ ਪੜ੍ਹਨ ਦਾ ਰੁੱਖ ਕਰਨ ਲੱਗ ਪਏ ਹਨ, ਜਿਸ ਉਤੇ ਆਸਟ੍ਰੇਲੀਆ ਵਿਦੇਸ਼ੀ ਵਿਦਿਆਰਥੀਆਂ ਨੂੰ ਵਾਪਸ ਲਿਆਉਣ ਅਤੇ ਅੰਤਰਰਾਸ਼ਟਰੀ ਸਿੱਖਿਆ ਖੇਤਰ ਦੇ ਆਪਣੇ ਵਧੇਰੇ ਮੁਨਾਫੇ ਵਾਲੇ ਕਾਰੋਬਾਰ ਨੂੰ ਮੁੜ ਚਾਲੂ ਕਰਨ ਲਈ ਸੰਘਰਸ਼ ਕਰਦਾ ਦਿਖਾਈ ਦੇਂਦਾ ਹੈ। ਮਹਾਮਾਰੀ ਤੋਂ ਪਹਿਲਾਂ ਆਸਟ੍ਰੇਲੀਆ ਦਾ ਅੰਤਰਰਾਸ਼ਟਰੀ ਸਿੱਖਿਆ ਖੇਤਰ 40 ਬਿਲੀਅਨ ਡਾਲਰ ਦਾ ਸਾਲਾਨਾ ਕਾਰੋਬਾਰ ਕਰਦਾ ਸੀ। ਆਸਟ੍ਰੇਲੀਆਈ ਕੇਂਦਰੀ ਸਰਕਾਰ ਦੇ ਤਾਜ਼ਾ ਅੰਕੜਿਆਂ ਅਨੁਸਾਰ ਮਈ 2019 ਤਕ ਨਵੇਂ ਦਾਖਲਿਆਂ ਵਿੱਚ 30 ਫ਼ੀਸਦੀ ਤਕ ਦੀ ਗਿਰਾਵਟ ਆਈ ਹੈ ਅਤੇ ਅਜੇ ਹੋਰ ਆਉਣ ਦਾ ਡਰ ਹੈ।

ਪਿਛਲੇ ਵਿੱਤੀ ਵਰ੍ਹੇ ਦੌਰਾਨ 1,00,000 ਤੋਂ ਵੱਧ ਅੰਤਰਰਾਸ਼ਟਰੀ ਵਿਦਿਆਰਥੀ ਆਸਟ੍ਰੇਲੀਆਈ ਸਰਹੱਦਾਂ ਬੰਦ ਹੋਣ ਕਾਰਨ ਆਸਟ੍ਰੇਲੀਆ ਨੂੰ ਛੱਡ ਗਏ ਹਨ, ਜਿਸ ਨਾਲ ਕਰੀਬ 10 ਬਿਲੀਅਨ ਡਾਲਰ ਦੇ ਨੁਕਸਾਨ ਨੇ ਯੂਨੀਵਰਸਿਟੀਆਂ ਨੂੰ ਆਪਣਾ ਸਟਾਫ ਤੇ ਕੋਰਸਾਂ ਵਿੱਚ ਕਟੌਤੀ ਕਰਨ ਦੇ ਲਈ ਮਜ਼ਬੂਰ ਕੀਤਾ ਹੈ। ਪਰ ਆਸਟ੍ਰੇਲੀਆ ਸਰਕਾਰ ਵਿਦੇਸ਼ੀ ਵਿਦਿਆਰਥੀਆਂ ਨੂੰ ਸੁਰੱਖਿਅਤ ਵਾਪਸ ਲਿਆਉਣ ਲਈ ਰਾਜਾਂ ਅਤੇ ਯੂਨੀਵਰਸਿਟੀਆਂ ਵੱਲੋਂ ਤਿਆਰ ਯੋਜਨਾਵਾਂ ਦੀ ਲੜੀ ਸ਼ੁਰੂ ਕਰਨ ਵਿੱਚ ਵਾਰ-ਵਾਰ ਅਸਫਲ ਰਹੀ ਹੈ।

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੋਰ ਤੇ ਕੰਮ ਕਰੇ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department

WORK MATCH INC.
ਲੈਂਡਸਕੇਪ ਕਾਮਿਆਂ ਦੀ ਲੋੜ
ਫੁਲਟਾਈਮ, ਪਰਮਾਨੈਂਟ ਕਾਮਿਆਂ ਦੀ ਲੋੜ
ਡਰਾਈਵਿੰਗ ਲਾਈਸੈਂਸ ਹੋਣਾ ਚਾਹੀਦਾ ਹੈ।
ਕੰਮ ਕਰਨ ਦਾ ਥੋੜ੍ਹਾ-ਬਹੁਤ ਤਜਰਬਾ ਹੋਵੇ।
ਤਨਖਾਹ 15.50 ਤੋਂ 16.50 ਡਾਲਰ ਪ੍ਰਤੀ ਘੰਟਾ ਦਿੱਤੀ ਜਾਵੇਗੀ।
ਹੁਣੇ ਅਪਲਾਈ ਕਰੋ: +1(416) 473-9677
info@worksmatch.com
www.worksmatch.com

# ਬਦਲਾ ਤੇ ਬਦਲਾਅ ਵਿਚ ਫਰਕ

-ਪ੍ਰਿੰਸੀਪਲ ਵਿਜੈ ਕੁਮਾਰ-

ਬਦਲਾ ਅਤੇ ਬਦਲਾਅ ਵੇਖਣ ਨੂੰ ਕੇਵਲ 'ਅ' ਅੱਖਰ ਦਾ ਫਰਕ ਰੱਖਦੇ ਹਨ, ਪਰ ਸੋਚਣ ਦੀ ਗਹਿਰਾਈ ਅਤੇ ਸੰਜੀਦਗੀ ਮਨੁੱਖ ਨੂੰ ਇਨ੍ਹਾਂ ਦੋਵੇਂ ਸ਼ਬਦਾਂ ਦੇ ਡੂੰਘੇ ਅਰਥਾਂ ਨੂੰ ਸਮਝਣ ਤੇ ਉਨ੍ਹਾਂ ਨੂੰ ਆਪਸੀ ਜ਼ਿੰਦਗੀ ਵਿੱਚ ਅਪਣਾਉਣ ਦਾ ਸੁਨੇਹਾ ਦਿੰਦੀ ਹੈ। ਖੁਣਸੀ, ਹੁੱਜਤੀ, ਤੰਗਦਿਲ, ਖੁੰਧਕੀ, ਝਗੜਾਲੂ ਅਤੇ ਨਾਂਹ-ਪੱਖੀ ਸੁਭਾਅ ਦੇ ਲੋਕ ਬਦਲਾਖੋਰੀ ਦੀ ਭਾਵਨਾ ਵਾਲੀ ਜ਼ਿੰਦਗੀ ਜਿਊਂਦੇ ਹਨ। ਉਨ੍ਹਾਂ ਦੇ ਮਨ ਨੂੰ ਉਦੋਂ ਤੱਕ ਤਸੱਲੀ ਨਹੀਂ ਹੁੰਦੀ, ਜਦੋਂ ਤੱਕ ਉਹ ਆਪਣੇ ਵਿਰੋਧੀ ਤੋਂ ਬਦਲਾ ਨਹੀਂ ਲੈ ਲੈਂਦੇ। ਅਮਨ ਪਸੰਦ, ਖੁੱਲ੍ਹਦਿਲੇ, ਬਰਦਾਸ਼ਤ ਕਰਨ ਦਾ ਮਾਦਾ ਰੱਖਣ ਵਾਲਾ, ਹਾਂ ਪੱਖੀ ਅਤੇ ਉਸਾਰੂ ਸੋਚ ਵਾਲਿਆਂ ਨੂੰ ਬਦਲਾ ਲੈਣਾ ਨਹੀਂ, ਸਗੋਂ ਬਦਲਾਅ ਲਿਆਉਣਾ ਪਸੰਦ ਹੁੰਦਾ ਹੈ।

ਮਨੋਵਿਗਿਆਨੀਆਂ ਦਾ ਕਹਿਣਾ ਹੈ ਕਿ ਬਦਲਾਖੋਰੀ ਦੀ ਭਾਵਨਾ ਮਨੁੱਖ ਨੂੰ ਅਸ਼ਾਂਤ ਰੱਖਦੀ ਹੈ। ਆਪਣੇ ਵਿਰੋਧੀ ਨੂੰ ਹਰ ਵੇਲੇ ਨਿਸ਼ਾਨਾ ਬਣਾਉਣ ਅਤੇ ਉਸ ਨੂੰ ਨੀਵਾਂ ਵਿਖਾਉਣ ਦੇ ਚੱਕਰ ਵਿੱਚ ਉਸ ਦੀ ਊਰਜਾ ਬਰਬਾਦ ਹੁੰਦੀ ਰਹਿੰਦੀ ਹੈ ਜਦ ਕਿ ਬਦਲਾਅ ਲਿਆਉਣ ਦੀ ਉਸਾਰੂ ਸੋਚ ਰੱਖਣ ਵਾਲੇ ਲੋਕ ਛੋਟੀਆਂ-ਮੋਟੀਆਂ ਗੱਲਾਂ ਦੀ ਪ੍ਰਵਾਹ ਨਹੀਂ ਕਰਦੇ। ਉਹ ਆਪਣੇ ਵਿਰੋਧੀਆਂ ਦੀਆਂ ਹਰਕਤਾਂ ਅਤੇ ਚੁਗਲੀਆਂ ਦੀ ਅਣਦੇਖੀ ਕਰ ਦਿੰਦੇ ਹਨ।

ਇੱਕ ਕਾਲਜ ਵਿੱਚ ਆਏ ਨਵੇਂ ਪ੍ਰਿੰਸੀਪਲ ਨੇ ਢਹਿੰਦੀਆਂ ਕਲਾਂ ਵੱਲ ਜਾਂਦੇ ਕਾਲਜ ਨੂੰ ਆਪਣੇ ਯਤਨਾਂ ਨਾਲ ਤਰੱਕੀ ਦੇ ਰਾਹ ਉੱਤੇ ਪਾ ਦਿੱਤਾ। ਕਾਲਜ ਦੀ ਕਾਰਗੁਜ਼ਾਰੀ ਵੇਖ ਕੇ ਪ੍ਰਿੰਸੀਪਲ ਦੀ ਬੱਲੇ-ਬੱਲੇ ਹੋਣ ਲੱਗੀ। ਪ੍ਰਿੰਸੀਪਲ ਦੀ ਸ਼ੁਹਰਤ ਉਸ ਦੇ ਵਿਰੋਧੀਆਂ ਤੋਂ ਬਰਦਾਸ਼ਤ ਨਾ ਹੋਈ। ਪਹਿਲਾਂ ਉਨ੍ਹਾਂ ਨੇ ਉਸ ਦੀ ਇਮਾਨਦਾਰੀ ਉੱਤੇ ਉਂਗਲੀਆਂ ਚੁੱਕੀਆਂ, ਲੋਕਾਂ ਵਿੱਚ ਉਸ ਦਾ ਗਲਤ ਭੰਡੀ ਪ੍ਰਚਾਰ ਕੀਤਾ ਅਤੇ ਉਸ ਬਾਰੇ ਹੋਰ ਸੱਚ-ਝੂਠ ਕਿਹਾ, ਪਰ ਉਹ ਉਸ ਦਾ ਕੁਝ ਨਹੀਂ ਵਿਗਾੜ ਸਕੇ, ਕਿਉਂਕਿ ਲੋਕਾਂ ਸਾਹਮਣੇ ਉਸ ਦਾ ਕੰਮ ਬੋਲਦਾ ਸੀ। ਜਦੋਂ ਉਸ ਦੇ ਵਿਰੋਧੀਆਂ ਦੀ ਕੋਈ ਪੇਸ਼ ਨਹੀਂ ਚੱਲੀ ਤਾਂ ਉਨ੍ਹਾਂ ਨੇ ਕਾਲਜ ਦੇ ਉਸ ਕਲਰਕ ਤੋਂ ਸ਼ਿਕਾਇਤ ਕਰਵਾ ਦਿੱਤੀ ਜਿਸ ਨੂੰ ਪ੍ਰਿੰਸੀਪਲ ਨੇ ਆਉਂਦੇ ਸਾਰ ਪੈਸੇ ਖਾਣ ਤੋਂ ਰੋਕ ਦਿੱਤਾ ਸੀ। ਉਸ ਕਲਰਕ ਨੇ ਵਿਜੀਲੈਂਸ ਨੂੰ ਇਹ ਸ਼ਿਕਾਇਤ ਕੀਤੀ ਕਿ ਉਸ ਨੇ ਕਾਲਜ ਦੀ ਇਮਾਰਤ ਬਣਾਉਂਦਿਆਂ ਹੇਰਾਫੇਰੀ ਕੀਤੀ ਹੈ। ਸ਼ਿਕਾਇਤ ਦੀ ਜਾਂਚ ਤੋਂ ਬਾਅਦ ਵਿਜੀਲੈਂਸ ਨੇ ਰਿਪੋਰਟ ਦਿੱਤੀ ਕਿ ਸ਼ਿਕਾਇਤ ਬਿਲਕੁਲ ਝੂਠੀ ਹੈ, ਪ੍ਰਿੰਸੀਪਲ ਨੇ ਬਹੁਤ ਇਮਾਨਦਾਰੀ ਅਤੇ ਸਮਰਪਣ ਭਾਵਨਾ ਨਾਲ ਕਾਲਜ ਦੀ ਇਮਾਰਤ ਬਣਵਾਈ ਅਤੇ ਸਰਕਾਰ ਦਾ ਫਾਇਦਾ ਕੀਤਾ ਹੈ। ਰਿਪੋਰਟ ਆਉਣ ਤੋਂ ਬਾਅਦ ਪ੍ਰਿੰਸੀਪਲ ਦੇ ਸਮਰਥਕ ਉਸ ਨੂੰ ਕਹਿਣ ਲੱਗੇ ਕਿ ਤੁਸੀਂ ਕਲਰਕ ਤੋਂ ਬਦਲਾ ਲਓ। ਉਸ ਦੀ ਸ਼ਿਕਾਇਤ ਕਰੋ। ਉਸ ਨੂੰ ਸਸਪੈਂਡ ਕਰਾਓ ਕਿਉਂਕਿ ਉਸ ਨੇ ਤੁਹਾਡੀ ਇਮਾਨਦਾਰੀ ਉੱਤੇ ਉਂਗਲ ਚੁੱਕੀ ਹੈ। ਪ੍ਰਿੰਸੀਪਲ ਸਾਹਿਬ ਕਹਿਣ ਲੱਗੇ, "ਦੋਸਤੋ, ਮੇਰੇ ਪ੍ਰਤੀ ਤੁਹਾਡੀ ਹਮਦਰਦੀ ਦਾ ਬਹੁਤ ਧੰਨਵਾਦ। ਮੈਂ ਉਸ ਤੋਂ ਬਦਲਾ ਲੈਣ ਦੀ ਥਾਂ ਉਸ ਦਾ ਧੰਨਵਾਦ ਕਰਾਂਗਾ, ਜਿਸ ਦੀ ਸ਼ਿਕਾਇਤ ਨੇ ਮੈਨੂੰ ਇਮਾਨਦਾਰ ਸਾਬਤ ਕਰ ਕੇ ਮੇਰਾ ਮਾਣ ਵਧਾਇਆ ਹੈ। ਜੇ ਮੈਂ ਉਸ ਤੋਂ ਬਦਲਾ ਲੈਣ ਲੱਗ ਪਿਆ ਤਾਂ ਇਸ ਕਾਲਜ ਦੀ ਤਰੱਕੀ ਕਰ ਕੇ ਇਸ ਵਿੱਚ ਬਦਲਾਅ ਨਹੀਂ ਲਿਆ ਸਕਾਂਗਾ, ਇਹੋ ਕੁਝ ਤਾਂ ਵਿਰੋਧੀ ਚਾਹੁੰਦੇ ਹਨ।" ਪ੍ਰਿੰਸੀਪਲ ਦੇ ਵਿਚਾਰਾਂ ਨੇ ਉਸ ਦੇ ਸਮਰਥਕਾਂ ਨੂੰ ਹੈਰਾਨ ਕਰ ਦਿੱਤਾ। ਜਦੋਂ ਪ੍ਰਿੰਸੀਪਲ ਦੇ ਵਿਚਾਰ ਉਸ ਕਲਰਕ ਕੋਲ ਪਹੁੰਚੇ ਤਾਂ ਉਸ ਨੇ ਉਸ ਤੋਂ ਲਿਖਤੀ ਰੂਪ ਵਿੱਚ ਹੱਥ ਜੋੜ ਕੇ ਮੁਆਫੀ ਮੰਗੀ।

ਇੱਕ ਮਹਾਪੁਰਸ਼ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇ ਕੋਈ ਤੁਹਾਡੇ ਨਾਲ ਵਧੀਕੀ ਕਰਦਾ ਹੈ ਤਾਂ ਉਸ ਤੋਂ ਬਦਲਾ ਲੈਣ ਦੀ ਥਾਂ ਉਸ ਅਕਾਲ ਪੁਰਖ ਨੂੰ ਬੇਨਤੀ ਕਰੋ ਕਿ ਉਸ ਦੇ ਵਿਰੋਧੀ ਨੂੰ ਸੁਮੱਤ ਬਖਸ਼ੇ। ਬਦਲਾ ਲੈਣ ਦੀ ਭਾਵਨਾ ਰੱਖ ਕੇ ਇਨਸਾਨ ਆਪਣਾ ਦਿਮਾਗੀ ਤਵਾਜ਼ਨ ਗੁਆ ਬੈਠਦਾ ਹੈ। ਪਰਵਾਰ ਦੀ ਸ਼ਾਂਤੀ ਭੰਗ ਹੋ ਜਾਂਦੀ ਹੈ। ਕਿਸੇ ਦਾ ਗੁੱਸਾ ਕਿਸੇ ਉੱਤੇ ਨਿਕਲ ਜਾਂਦਾ ਹੈ। ਬੰਦਾ ਚੰਗੀ ਤਰ੍ਹਾਂ ਸੋਚਣ ਅਤੇ ਚੰਗੇ ਫੈਸਲੇ ਲੈਣ ਦੇ ਕਾਬਲ ਨਹੀਂ ਰਹਿੰਦਾ। ਉਸ ਦੌਰ ਵਿੱਚ ਕਈ ਵਾਰ ਉਹ ਆਪਣਿਆਂ ਨਾਲ ਵੀ ਸੰਬੰਧ ਵਿਗਾੜ ਲੈਂਦਾ ਹੈ। ਇੰਝ ਉਹ ਆਪਣਾ ਨੁਕਸਾਨ ਕਰਵਾ ਬੈਠਦਾ ਹੈ। ਚੰਗੀ ਤੇ ਹਾਂ ਪੱਖੀ ਸੋਚ ਨਾਲ ਜਦੋਂ ਤੁਸੀਂ ਆਪਣੇ ਸੰਬੰਧਾਂ, ਪਰਵਾਰ ਜਾਂ ਕਿਸੇ ਖੇਤਰ ਵਿੱਚ ਕੋਈ ਬਦਲਾਅ ਲਿਆਉਂਦੇ ਹੋ ਤਾਂ ਤੁਸੀਂ ਇਤਿਹਾਸ ਲਿਖਦੇ ਹੋ। ਲੋਕਾਂ ਦੀ ਨਜ਼ਰ ਤੇ ਮਨ ਵਿੱਚ ਤੁਹਾਡੀ ਇੱਕ ਵੱਖਰੀ ਥਾਂ ਬਣ ਜਾਂਦੀ ਹੈ।

ਇੱਕ ਪਿੰਡ ਦੇ ਲੋਕਾਂ ਨੇ ਇੱਕ ਨੇਕ ਤੇ ਰੱਬ ਦੇ ਭਾਣੇ ਨੂੰ ਮੰਨਣ ਵਾਲੇ ਵਿਅਕਤੀ ਨੂੰ ਸਰਪੰਚੀ ਦੀ ਚੋਣ ਲਈ ਖੜ੍ਹਾ ਕਰ ਦਿੱਤਾ। ਉਸ ਵਿਰੁੱਧ ਚੋਣ ਲੜਨ ਵਾਲਾ ਵਿਅਕਤੀ ਉਸ ਤੋਂ ਹਰ ਪੱਖੋਂ ਸਮਰੱਥ ਸੀ। ਉਸ ਨੇ ਪਿੰਡ ਦੇ ਲੋਕਾਂ ਵੱਲੋਂ ਖੜ੍ਹੇ ਕੀਤੇ ਵਿਅਕਤੀ ਦਾ ਬਹੁਤ ਵਿਰੋਧ ਕੀਤਾ। ਉਸ ਨੂੰ ਹਰਾਉਣ ਦਾ ਹਰ ਯਤਨ ਕੀਤਾ, ਪਰ ਉਹ ਵਿਅਕਤੀ ਹਾਰਿਆ ਨਹੀਂ ਕਿਉਂਕਿ ਪਿੰਡ ਵਿਚ ਪੁਰਾਣੇ ਸਰਪੰਚ ਦਾ ਬਹੁਤ ਵਿਰੋਧ ਸੀ। ਜਿੱਤਣ ਵਾਲੇ ਨਵੇਂ ਸਰਪੰਚ ਨੇ ਉਸ ਤੋਂ ਬਦਲਾ ਲੈਣ ਦੀ ਥਾਂ ਹਾਰੇ ਹੋਏ ਸਰਪੰਚ ਦੇ ਗਲ ਹਾਰ ਪਾ ਕੇ ਕਿਹਾ, "ਆਪਾਂ ਦੋਵਾਂ ਨੇ ਮਿਲ ਕੇ ਸਰਪੰਚੀ ਕਰਨੀ ਹੈ। ਉਸ ਨੇ ਉਸ ਨੂੰ ਭਵਿੱਖ ਵਿੱਚ ਵਿਰੋਧ ਕਰਨ ਜੋਗਾ ਛੱਡਿਆ ਹੀ ਨਹੀਂ।" ਨਵੇਂ ਸਰਪੰਚ ਨੇ ਵਿਕਾਸ ਕਰ ਕੇ ਪਿੰਡ ਦੀ ਨੁਹਾਰ ਬਦਲ ਦਿੱਤੀ।

ਅਸੀਂ ਬਦਲਾ ਲੈਣ ਦੀ ਭਾਵਨਾ ਤੋਂ ਉਦੋਂ ਮੁਕਤ ਹੋ ਸਕਦੇ ਹਾਂ ਜਦੋਂ ਅਸੀਂ ਤਿਆਗ ਕਰਨਾ ਸਿੱਖ ਜਾਂਦੇ ਹਾਂ। ਮੈਨੂੰ ਆਪਣੇ ਇੱਕ ਹਿੰਦੀ ਅਧਿਆਪਕ ਦਾ ਇਹ ਕਥਨ ਕਦੇ ਨਹੀਂ ਭੁੱਲਦਾ ਕਿ ਮਨੁੱਖ ਨੀਵਾਂ ਹੋਣ ਨਾਲ ਉਚਾ ਹੁੰਦਾ ਹੈ। ਪਾਣੀ ਦੀਆਂ ਲਹਿਰਾਂ ਕਦੇ ਉਪਰ ਨੂੰ ਨਹੀਂ ਵਹਿੰਦੀਆਂ। ਹੰਕਾਰ ਮਨੁੱਖ ਨੂੰ ਲੈ ਡੁੱਬਦਾ ਹੈ। ਨਿਮਰਤਾ ਹਰੇਕ ਦਾ ਮਨ ਮੋਹ ਲੈਂਦੀ ਹੈ। ਮੇਰੇ ਇੱਕ ਜਾਣੂ ਪ੍ਰਿੰਸੀਪਲ ਨੇ ਆਪਣੇ ਮਨ ਦੀ ਗੱਲ ਸਾਂਝੀ ਕਰਦਿਆਂ ਕਿਹਾ ਕਿ ਮੈਂ ਵਿਰੋਧ ਅਤੇ ਬਦਲੇ ਵਿੱਚ ਪੈ ਕੇ ਬਹੁਤ ਕੁਝ ਗੁਆ ਲਿਆ ਹੈ। ਅੱਜ ਮੇਰੇ ਕੋਲ ਪਛਤਾਉਣ ਤੋਂ ਬਿਨਾਂ ਕੋਈ ਚਾਰਾ ਨਹੀਂ। ਚੰਗਾ ਸਾਹਿਤ ਪੜ੍ਹਨ ਅਤੇ ਚੰਗੇ ਲੋਕਾਂ ਦੀ ਸੰਗਤ ਕਰਨ ਨਾਲ ਵੀ ਬੰਦੇ ਨੂੰ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ।

ਮਾਂ ਨੂੰ ਬਚਪਨ ਤੋਂ ਧਾਰਮਿਕ ਪੁਸਤਕਾਂ ਪੜ੍ਹਦੇ ਅਤੇ ਪਿਤਾ ਜੀ ਨੂੰ ਮਹਾਂਪੁਰਸ਼ਾਂ ਦੀ ਸੰਗਤ ਕਰਦਿਆਂ ਵੇਖ ਕੇ ਸਾਨੂੰ ਜ਼ਿੰਦਗੀ ਦੇ ਅਰਥ ਸਮਝ ਆ ਗਏ ਸਨ, ਬਦਲੇ ਦੀ ਭਾਵਨਾ ਬੰਦੇ ਨੂੰ ਥਾਣੇ ਅਤੇ ਕਚਹਿਰੀਆਂ ਵਿਖਾ ਦਿੰਦੀ ਹੈ। ਸਿਆਣੇ ਲੋਕ ਕਹਿੰਦੇ ਹਨ ਕਿ ਆਪਣੇ ਵਿਰੋਧੀ ਤੋਂ ਬਦਲਾ ਲੈਣ ਦੀ ਸੋਚ ਛੱਡ ਕੇ ਥੋੜ੍ਹਾ ਸਮਾਂ ਇੰਝ ਲੱਗਦਾ ਹੈ ਕਿ ਮੈਂ ਲੋਕਾਂ ਦੀਆਂ ਨਜ਼ਰਾਂ ਵਿੱਚ ਨੀਵਾਂ ਹੋ ਗਿਆ ਹਾਂ, ਪਰ ਇੱਕ ਸਮਾਂ ਅਜਿਹਾ ਆਉਂਦਾ ਹੈ ਜਦੋਂ ਬੰਦਾ ਇਹ ਸੋਚਣ ਲੱਗ ਪੈਂਦਾ ਹੈ ਕਿ ਉਸ ਦਾ ਫੈਸਲਾ ਠੀਕ ਸੀ। ਰਾਜੇ ਅਸ਼ੋਕ ਨੂੰ ਰਾਜੇ ਵਜੋਂ ਇੰਨੀ ਜ਼ਿਆਦਾ ਪ੍ਰਸਿੱਧੀ ਨਹੀਂ ਮਿਲੀ ਜਿੰਨੀ ਮਹਾਨਤਾ ਉਸ ਨੂੰ ਤਿਆਗ ਕਰਨ ਤੋਂ ਬਾਅਦ ਮਿਲੀ। ਰਾਜੇ ਤੋਂ ਮਹਾਤਮਾ ਬਣਨ ਪਿੱਛੋਂ ਮਹਾਤਮਾ ਬੁੱਧ ਸਾਰੀ ਦੁਨੀਆ ਵਿੱਚ ਪ੍ਰਸਿੱਧ ਹੋ ਗਏ। ਬਦਲਾ ਲੈਣ ਦੀ ਭਾਵਨਾ ਤੋਂ ਆਪਣੇ ਆਪ ਨੂੰ ਮੁਕਤ ਕਰਨ ਲਈ ਖੁਦ ਵਿੱਚ ਬਦਲਾਅ ਲਿਆਉਣਾ ਪੈਂਦਾ ਹੈ।

## ਹਲਕਾ ਫੁਲਕਾ

ਜੇਲ੍ਹਰ (ਸੋਨੂੰ ਨੂੰ), "ਤੂੰ ਕਿਸ ਜੁਰਮ ਵਿੱਚ ਜੇਲ੍ਹ ਆਇਆ ਏਂ?"
ਸੋਨੂੰ, "ਕੀ ਦੱਸਾਂ ਯਾਰ, ਸਰਕਾਰ ਨਾਲ ਕੰਪੀਟੀਸ਼ਨ ਹੋ ਗਿਆ ਸੀ।"
ਜੇਲ੍ਹਰ, "ਕਿਸ ਗੱਲ ਦਾ?"
ਸੋਨੂੰ, "ਨੋਟ ਛਾਪਣ ਦਾ, ਬੱਸ ਇਸੇ ਲਈ ਲੈ ਆਏ।"

*********

ਸੱਸ (ਲਾੜੇ ਨੂੰ), "ਬਾਰਾਤੀ ਇੰਨੀ ਖੁਸ਼ੀ ਵਿੱਚ ਪਾਗਲਾਂ ਵਾਂਗ ਕਿਉਂ ਨੱਚ ਰਹੇ ਹਨ?"
ਲਾੜਾ, "ਉਨ੍ਹਾਂ ਨੂੰ ਕਿਹਾ ਹੈ ਕਿ ਦਾਜ ਦੇ ਪੈਸਿਆਂ ਨਾਲ ਸਾਰਿਆਂ ਦਾ ਪੁਰਾਣਾ ਉਧਾਰ ਚੁਕਾ ਦਿੱਤਾ ਜਾਵੇਗਾ।"

*********

"ਮੇਰੇ ਬਚਣ ਦੀ ਕੋਈ ਉਮੀਦ ਹੈ ਡਾਕਟਰ ਸਾਹਿਬ?" ਸੰਜੀਵ ਨੇ ਪੁਛਿਆ।
"ਸੌ ਫੀਸਦੀ ਉਮੀਦ ਹੈ। ਡਾਕਟਰੀ ਖੋਜਾਂ ਤੋਂ ਪਤਾ ਲੱਗਾ ਹੈ ਕਿ ਇਸ ਰੋਗ ਵਿੱਚ 10 ਵਿੱਚੋਂ ਇੱਕ ਵਿਅਕਤੀ ਬਚਦਾ ਹੈ। ਮੈਂ ਅੱਜ ਤੱਕ ਨੌਂ ਰੋਗੀਆਂ ਦਾ ਇਲਾਜ ਕਰ ਚੁੱਕਾ ਹਾਂ ਤੇ ਉਹ ਸਭ ਮਰ ਗਏ ਹਨ।" ਡਾਕਟਰ ਨੇ ਕਿਹਾ।

# ਕੈਨੇਡੀਅਨ ਪੰਜਾਬੀ ਪੋਸਟ CLASSIFIEDS

Award winning news paper | Canadian Punjabi Post

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202




## Sales Person Required

**Dubai Jewellers:** Sales person required at Dubai Jewellers with Jewellery sale experience for part time/full time job. For more information contact Raj 416-465-1200.




## ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਵਰਕਰਾਂ ਦੀ ਲੋੜ

ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**ਸੰਪਰਕ: 647-205-5909, 416-618-3358**



## Matrimonial

ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

## ਲੜਕੇ ਦੀ ਲੋੜ

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjot-dahiya@gmail.com
Contact number-+17802222608, +919988297352

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com







## WANTED

Panjabi Nannies, Caregivers, Cleaning ladies and Cooks for GTA. Please contact at the earliest at: 416-275-7010

## A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ

**Call : 416- 268-9952**
70 Delta Park Blvd, Unit # 4, Brampton

## ਵਰਕਰਾਂ ਦੀ ਲੋੜ

ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਵੈਨ ਚਲਾਉਣ ਲਈ ਡਰਾਇਵਰ ਦੀ ਵੀ ਲੋੜ ਹੈ।



